# ਸਮਤਾ

ਦਸੰਬਰ 1982 (ਅੰਕ 31)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।


ਸਮਤਾ

ਦਸੰਬਰ 1982

ਮੁੱਲ—ਦੋ ਰੁਪਿਆ

31

ਕੰਵਲ ਫੁੱਲ ਵਰਗਾ ਇਹ ਮੋਟਿਫ ਸਮਤਾ (ਬਰਾਬਰੀ) ਆਪ ਮੁਹਾਰੀ ਸਿਰਜਣਾ, ਖੁਸ਼ੀ ਤੇ ਵਿਧਾਰਮਕਤਾ (ਸੈਕੂਲਰਿਜ਼ਮ) ਦਾ ਚਿੰਨ੍ਹ ਹੈ।
ਇਹ ਲੋਕ ਮੋਟਿਫ ਅਮਰਜੀਤ ਚੰਦਨ ਦੇ ਸੁਝਾਅ ਤੇ ਪ੍ਰੇਮ ਸਿੰਘ ਨੇ ਸਮਤਾ ਦੇ ਪਹਿਲੇ ਅੰਕ ਲਈ ਬਣਾਇਆ ਸੀ।



## ਇਸ ਅੰਕ ਵਿਚ :

ਏਸ਼ਿਆਈ ਖੇਡਾਂ : ਕੁਝ ਟਿਪਣੀਆਂ—ਪ੍ਰੋ. ਐਮ. ਸੀ. ਭਾਰਦਵਾਜ
ਕਹਾਣੀਆਂ : ਪੰਜਵੀ ਡੱਬੀ (ਹਿੰਦੀ ਕਹਾਣੀ), ਅਣਖਾਂ ਵਾਲੇ—ਗੁਰਮੇਲ ਪਾਲੀ,
ਇਕ ਟੀਨ ਘਿਉ ਦਾ—ਹਰਜਿੰਦਰ ਸੂਰੇਵਾਲੀਆ, ਅਪਣਾ ਅਪਣਾ ਦੁਖ—ਅਮਰ ਆਫਤਾਬ।
ਕਵਿਤਾਵਾਂ : ਜਨਮੀਤ, ਸੁਰਜੀਤ ਘੋਲੀਆਂ, ਤਰਲੋਚਨ ਸਮਾਧਵੀ, ਅਜਮੇਰ ਗਿੱਲ, ਜਤਿੰਦਰ ਜੌਲੀ।
ਵਿਚਾਰ-ਪੱਤਰ : ਪੰਜਾਬ ਲੋਕ ਸੱਭਿਆਚਾਰ—ਉਭਾਰ ਅਤੇ ਵਿਗਾੜ—ਪ੍ਰੋ. ਹਮਦਰਦਵੀਰ ਨੌਸ਼ਹਿਰਵੀ।
ਲੇਖ : ਬਿਜਲੀ ਰਾਣੀ ਦੀ ਕਹਾਣੀ (3)—ਪ੍ਰੋ. ਭਾਰਦਵਾਜ, ਖਾਲਸਤਾਨ ਦੀ ਲਹਿਰ ਜਮਾਤੀ ਪੱਖ ਤੋਂ ਜਾਇਜ਼ਾ—ਗੁਰਬਖਸ਼ ਜਸ। ਪੁਸਤਕ ਪਹਿਚਾਣ : ਸ਼ਹਿਦ ਕਟੋਰੀ।

## ਸੰਪਾਦਕੀ :

ਅਕਾਲੀ ਮੋਰਚੇ ਨੂੰ ਹੁਣ ਚਾਰ ਮਹੀਨੇ ਹੋ ਗਏ ਹਨ। ਨੇੜੇ ਭਵਿਖ ਵਿਚ ਇਹਦਾ ਕੋਈ ਫੈਸਲਾ ਹੁੰਦਾ ਨਜ਼ਰ ਨਹੀਂ ਆਉਂਦਾ। ਇਕ ਦੂਜੇ ਦਾ ਸਬਰ ਅਜ਼ਮਾਉਣ ਲਈ ਦੋਹਾਂ ਧਿਰਾਂ ਵਲੋਂ ਸ਼ਤਰੰਜੀ ਚਾਲਾਂ ਚੱਲੀਆਂ ਜਾ ਰਹੀਆਂ ਹਨ। ਨਵੇਂ ਤੋਂ ਨਵਾਂ ਦਾਅ ਪੇਚ ਅਪਨਾਇਆ ਜਾ ਰਿਹਾ ਹੈ। ਗਲਬਾਤ ਹੁੰਦੀ ਹੈ ਗਲਬਾਤ ਟੁੱਟ ਜਾਂਦੀ ਹੈ। ਪੰਜਾਬ ਦੀਆਂ ਅਖਬਾਰਾਂ ਵਿਚ ਇਸ ਮੋਰਚੇ ਸਬੰਧੀ ਹੀ ਬਹੁਤੀਆਂ ਖਬਰਾਂ ਹੁੰਦੀਆਂ ਹਨ। ਇਕ ਹਫਤੇ ਬਾਅਦ ਜੇਕਰ ਨਿਚੋੜ ਕਢੋ ਤਾਂ ਨਤੀਜਾ 'ਸਿਫਰ' ਹੁੰਦਾ ਹੈ। ਖਬਰ ਆਂਦੀ ਹੈ ਕਿ ਟੋਹੜਾ ਸਾਹਬ ਦਰਬਾਰਾ ਸਿੰਘ ਦੀ ਪੁਲਸ ਨੂੰ ਚੱਕਮਾ ਦੇ ਕੇ ਹਿਮਾਚਲ, ਯੂ. ਪੀ. ਰਾਹੀਂ ਦਿੱਲੀ ਦਾਖਲ ਹੋ ਗਿਆ ਹੈ। ਸੂਰਮਾ ਹੋਵੇ ਤੇ ਇਹੋ ਜਿਹਾ ਹੋਵੇ। ਭਾਈ ਵੀਰ ਸਿੰਘ ਜੀ ਦੇ ਨਾਵਲਾਂ ਵਿਚ ਬਿਜਲਾ ਸਿੰਘ ਇਹੋ ਜਿਹਾ ਇਕ ਪਾਤਰ ਹੁੰਦਾ ਸੀ ਜੋ ਮੁਗਲਾਂ ਨੂੰ, ਤੁਰਕਾਂ ਨੂੰ ਇਹੋ ਜਿਹੇ ਚੱਕਮੇ ਦੇਂਦਾ ਸੀ, ਟੋਹੜਾ ਸਾਹਬ ਅਧੁਨਿਕ ਬਿਜਲਾ ਸਿੰਘ ਹਨ। ਪਰ ਦੂਜੇ ਦਿਨ ਦਰਬਾਰਾ ਸਿੰਘ ਦਾ ਬਿਆਨ ਆ ਜਾਂਦਾ ਹੈ ਕਿ ਅਸੀਂ ਜਾਣ ਬੁਝ ਕੇ ਟੋਹੜਾ ਸਾਹਬ ਨੂੰ ਦਿੱਲੀ ਜਾਣ ਦਿਤਾ ਹੈ ਅਤੇ ਇਸ ਬਿਜਲਾ ਸਿੰਘ ਵਿਚ ਕੋਈ ਬਿਜਲੀ ਨਹੀਂ। ਕੌਣ ਝੂਠਾ ਹੈ, ਕੌਣ ਸੱਚਾ ਹੈ ਇਹ ਕੋਈ ਵੀ ਨਹੀਂ ਜਾਣ ਸਕਦਾ। ਅਖਬਾਰਾਂ ਵਿਚ ਉਤੇ ਜਦੋਂ ਇਹ ਸੁਰਖੀਆਂ ਹੁੰਦੀਆਂ ਹਨ ਤਾਂ ਥਲੇ ਨਿੱਕੀ ਜਿਹੀ ਇਹ ਵੀ ਖਬਰ ਹੁੰਦੀ ਹੈ ਕਿ ਨੇੜੇ ਭਵਿਖ ਵਿਚ ਪੰਜਾਬ ਵਿਚ ਚਲਣ ਵਾਲੀਆਂ ਬਸਾਂ ਦਾ ਕਿਰਾਯਾ 15 ਫੀ ਸਦੀ ਹੋਰ ਵਧਾ ਦਿਤੇ ਜਾਣ ਦਾ ਅਮਕਾਨ ਹੈ। ਇਸ ਖਬਰ ਵਲ ਲੋਕਾਂ ਦਾ ਧਿਆਨ ਨਹੀਂ ਜਾਏਗਾ ਕਿਉਂਕਿ ਮੋਰਚੇ ਅਤੇ ਸਰਕਾਰ ਦੇ ਸੂਰਮਿਆਂ ਨੇ ਸਾਰਾ ਧਿਆਨ ਆਪਣੇ ਵਲ ਖਿਚਿਆ ਹੋਇਆ ਹੈ। ਸਾਡੇ ਮਾਲਵੇ ਦੇ ਇਲਾਕੇ ਵਿਚ ਨਰਮੇ ਦੀ ਫਸਲ ਨੂੰ ਭਾਰੀ ਨੁਕਸਾਨ ਹੋਇਆ ਹੈ। ਕਿਸਾਨਾਂ ਦੀ ਮੇਹਨਤ ਤੇ ਪਾਣੀ ਫਿਰ ਗਿਆ ਹੈ। ਕਿਸਾਨਾਂ ਦਾ ਹੱਕ ਬਣਦਾ ਹੈ ਕਿ ਇਹਨਾਂ ਹਾਲਤਾਂ ਵਿਚ ਸਰਕਾਰ ਉਹਨਾਂ ਦੀ ਇਮਦਾਦ ਤੇ ਆਵੇ ਪਰ ਇਹ ਗੱਲ ਕਿਧਰੋਂ ਨਹੀਂ ਉਠ ਸਕੀ, ਕਿਉਂਕਿ ਇਹ ਖਬਰ ਵੀ ਮੋਰਚੇ ਦੀਆਂ ਸੁਰਖੀਆਂ ਵਿਚ ਗੁੰਮ ਹੋ ਗਈ ਹੈ। ਇਹਨਾਂ ਦਿਨਾਂ ਵਿਚ ਬਿਜਲੀ ਦੇ ਰੇਟਾਂ ਵਿਚ ਅਥਾਹ ਵਾਧਾ ਹੋਇਆ ਹੈ। ਕਾਰਨ ਦਸਿਆ ਜਾ ਰਿਹਾ ਹੈ ਕਿ ਬਿਜਲੀ ਬੋਰਡ ਘਾਟੇ ਤੇ ਜਾ ਰਿਹਾ ਹੈ। ਹਰ ਕੋਈ ਜਾਣਦਾ ਹੈ ਕਿ ਇਹ ਘਾਟਾ ਤਾਂ ਪੈ ਰਿਹਾ ਹੈ ਕਿਉਂਕਿ ਸਰਕਾਰ ਦੇ ਵਜ਼ੀਰ ਅਤੇ ਵੱਡੀ ਅਫਸਰਸ਼ਾਹੀ ਘਾਲਾਮਾਲਾ ਕਰਦੀ ਹੈ। ਇਹਦਾ ਖਮਿਆਜ਼ਾ ਸਾਧਾਰਨ ਲੋਕਾਂ ਨੂੰ ਭੁਗਤਨਾ ਪੈ ਰਿਹਾ ਹੈ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਬੜੀ ਜਾਇਜ਼ ਮੰਗ ਹੈ, ਕਿਉਂਕਿ ਕੇਂਦਰ ਵਿਚ ਇਕ ਪੁਰਖੀ ਰਾਜ ਦਾ ਜੋ ਰੁਝਾਣ ਚਲ ਰਿਹਾ ਹੈ, ਉਹਦੀ ਰੋਸ਼ਨੀ ਵਿਚ ਇਹ ਮੰਗ ਇਕ ਬੜੀ ਜ਼ਰੂਰੀ ਮੰਗ ਹੈ। ਦੂਜਿਆਂ ਸੂਬਿਆਂ ਲਈ ਵੀ ਇਹ ਮੰਗ ਬੜੀ ਮਹੱਤਤਾ ਰੱਖਦੀ ਹੈ। ਬਾਦਲ, ਬਲਵੰਤ ਸਿੰਘ ਤੇ ਲੌਂਗੋਵਾਲ ਜਦੋਂ ਵੀ ਪ੍ਰੈਸ ਨਾਲ ਗੱਲਬਾਤ ਕਰਦੇ ਹਨ ਉਹਨਾਂ ਵਲੋਂ ਇਸ ਮੰਗ ਨੂੰ ਪੇਸ਼ ਕਰਦਿਆਂ ਹੋਇਆਂ ਪੂਰੀ ਦਲੀਲ ਕੰਮ ਕਰਦੀ ਦਿਸਦੀ ਹੈ ਪਰ ਭਿੰਡਰਾਂਵਾਲਾ ਜਿਹੜਾ ਮੋਰਚੇ ਦਾ ਦੂਜਾ ਡਿਕਟੇਟਰ ਹੋ ਕੇ ਉਭਰ ਰਿਹਾ ਹੈ, ਉਹ ਜਦੋਂ ਇਸ ਮੰਗ ਨੂੰ ਪੇਸ਼ ਕਰਦਾ ਹੈ, ਤਾਂ ਉਹ ਇਸ ਮੰਗ ਨੂੰ ਸਿਖਾਂ ਨਾਲ ਵਿਤਕਰੇ ਦੇ ਨਾਲ ਜੋੜ ਦੇਂਦਾ ਹੈ। ਹਰਿਆਨੇ ਦਾ ਮੁੱਖ ਮੰਤਰੀ ਜਿਹੜਾ ਅੱਜ ਦੇ ਹਿੰਦੋਸਤਾਨ ਦਾ ਸਾਰਿਆਂ ਨਾਲੋਂ ਬੇਅਸੂਲਾ ਤੇ ਬੇਜ਼ਮੀਰਾ ਸਿਆਸਤਦਾਨ ਹੈ, ਉਹ ਸੈਂਟਰ ਦੀ ਸਹਿ ਤੇ ਇਥੋਂ ਤਕ ਕੱਦਮ ਚੁੱਕਦਾ ਹੈ ਕਿ ਉਹ ਹਰਿਆਨਾ ਦੇ ਇਲਾਕੇ ਵਿਚੋਂ ਕਿਸੇ ਅੰਦੋਲਨਕਾਰੀ ਨੂੰ ਲੰਘਣ ਨਹੀਂ ਦੇਵੇਗਾ। ਇਸ ਕਦਮ ਦੀ ਬੇਹੂਦਗੀ ਨੂੰ ਜੇਕਰ ਇਹ ਮਿਸਾਲ ਲੈ ਕੇ ਦੇਖੀਏ ਕਿ ਬੰਗਾਲ ਵਾਲੇ ਦਿੱਲੀ ਆ ਕੇ ਜੇਕਰ ਆਪਣੀ ਕਿਸੇ ਮੰਗ ਲਈ ਵਿਖਾਵਾ ਕਰਨਾ ਚਾਹੁਣ ਤਾਂ ਬਿਹਾਰ ਤੇ ਯੂ. ਪੀ. ਸਰਕਾਰਾਂ ਦਾ ਹੱਕ ਬਣ ਜਾਏਗਾ ਕਿ ਉਹ ਆਪਣੇ ਇਲਾਕਿਆਂ ਵਿਚੋਂ ਬੰਗਾਲੀਆਂ ਨੂੰ ਲੰਘਣ ਦੇਂਦੇ ਹਨ ਜਾਂ ਨਹੀਂ। ਸਾਰੀ ਸਿਆਸਤ ਇਕ ਘਚੋਲੇ ਵਾਲੀ ਸਿਆਸਤ ਹੋ ਗਈ ਹੈ, ਇਸ ਘਚੋਲੇ ਵਿਚ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਪੱਖ ਨੂੰ ਬੜਾ ਸਪੱਸ਼ਟ ਹੋ ਕੇ ਦਸੀਏ। ਐਵੇਂ ਵਹਿਨ ਵਿਚ ਨਾ ਵਹਿ ਜਾਈਏ, ਇਹ ਪੱਖ ਬਿਲਕੁਲ ਸਪੱਸ਼ਟ ਹੈ।

—ਪੰਜਾਬ ਹਿੰਦੂ ਸਿਖਾਂ ਦੋਨਾਂ ਦਾ ਪੰਜਾਬ ਹੈ। ਦੋਨਾਂ ਦੀ ਸੱਦਭਾਵਨਾ ਨਾਲ ਹੀ ਇਸਨੇ ਅਗੇ ਵਧਨਾ ਹੈ, ਸੈਂਟਰ ਵਲੋਂ ਪੰਜਾਬ ਨਾਲ ਵਿਤਕਰਾ ਹੋ ਰਿਹਾ ਹੈ ਪਰ ਇਸ ਮੰਗ ਨੂੰ ਖਾਮਖਾਹ ਸਿਖਾਂ ਵਿਰੁਧ ਵਿਤਕਰੇ ਨਾਲ ਨਾ ਜੋੜੀਏ। ਸੰਤ ਭਿੰਡਰਾਂ ਵਾਲੇ ਦੀ ਪੰਜਾਬ ਸਿਆਸਤ ਵਿਚ ਦਖਲ ਅੰਦਾਜ਼ੀ ਇਕ ਖ਼ਤਰਨਾਕ ਰੁਝਾਨ ਹੈ। ਉਹਦੀ ਸੋਚਣੀ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਮੰਨੇ ਹੋਏ ਅਸੂਲਾਂ ਦੇ ਵਿਰੁਧ ਹੈ। ਉਹ ਇਕ ਕੱਟੜਵਾਦੀ ਧਾਰਮਕ ਜਨੂੰਨੀ ਹੈ। ਇਹੋ ਜਿਹੀ ਸੋਚ ਵਾਲੇ ਬੰਦਿਆਂ ਦੀ ਸਿਆਸਤ ਵਿਚ ਸਰਦਾਰੀ ਉਸੇ ਤਰ੍ਹਾਂ ਹੀ ਹਾਨੀਕਾਰਕ ਹੈ ਜਿਸ ਤਰ੍ਹਾਂ ਖੁਮੈਨੀ ਦੀ ਈਰਾਨ ਲਈ ਹਾਨੀਕਾਰਕ ਸਾਬਤ ਹੋ ਚੁਕੀ ਹੈ। ਇਹ

ਥੋੜਾ ਜਿਹਾ ਵੀ ਉੱਚਾ ਹੋਇਆ ਤਾਂ ਹਰ ਕਿਸਮ ਦੀਆਂ ਅਧੁਨਿਕ ਰਵਾਇਤਾਂ ਦਾ ਦੁਸ਼ਮਣ ਹੋ ਕੇ ਨਿਬੜੇਗਾ (ਭਾਵੇਂ ਆਪ ਇਹ ਚਾਹੇਗਾ ਕਿ ਉਹ ਸਿਰਫ ਕਿਰਪਾਨ ਨਾਲ ਹੀ ਨਹੀਂ ਸਗੋਂ ਹਰ ਕਿਸਮ ਦੇ ਅਧੁਨਿਕ ਹਥਿਆਰਾਂ ਨਾਲ ਲੈਸ ਹੋਏ)। ਸਿਖ ਔਰਤਾਂ ਉਹਦੀ ਰੂੜੀਵਾਦੀ ਸੋਚ ਦੀਆਂ ਸਾਰਿਆਂ ਨਾਲੋਂ ਪਹਿਲਾਂ ਸ਼ਿਕਾਰ ਹੋਣਗੀਆਂ। ਜਨਰਲ ਜ਼ਿਆ ਦੇ ਪਾਕਿਸਤਾਨ ਵਿਚ ਇਸਲਾਮ ਦੇ ਨਾਂ ਤੇ ਜੋ ਕੁਝ ਹੋ ਰਿਹਾ ਹੈ, ਉਹ ਇਥੇ ਸਿੱਖੀ ਦੇ ਨਾਂ ਤੇ ਹੋਵੇਗਾ। ਇਸ ਵਿਚ ਕਿਸੇ ਕਿਸਮ ਦਾ ਸ਼ਕ ਨਹੀਂ ਹੋਣਾ ਚਾਹੀਦਾ।

—ਸੈਂਟਰ ਵਿਚ ਇਕ ਪੁਰਖੀ ਰਾਜ ਦੀਆਂ ਜੜ੍ਹਾਂ ਉਖੇੜਨ ਲਈ, ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਨੂੰ ਲੋਕਾਂ ਦੀ ਜਮਹੂਰੀ ਮੰਗ ਦੇ ਰੂਪ ਵਿਚ ਪੇਸ਼ ਕੀਤਾ ਜਾਏ, ਨਾਕਿ ਸਿਖਾਂ ਵਿਰੁਧ ਵਿਤਕਰੇ ਦੇ ਰੂਪ ਵਿਚ। ਜ਼ਾਹਰਾ ਤੌਰ ਤੇ ਸਿੱਖਾਂ ਨਾਲ ਕੋਈ ਧਾਰਮਕ ਵਿਤਕਰਾ ਨਹੀਂ ਕੀਤਾ ਜਾ ਰਿਹਾ। ਧਾਰਮਕ ਪਰਚਾਰ ਲਈ ਉਹਨਾਂ ਨੂੰ ਹਰ ਕਿਸਮ ਦੀ ਖੁਲ੍ਹ ਹੈ। ਪੰਜਾਬ ਨਾਲ ਵਿਤਕਰਾ ਇਸ ਲਈ ਹੋ ਰਿਹਾ ਹੈ ਕਿ ਇਹਦੀ ਆਰਥਕਤਾ ਖੇਤੀ ਤੇ ਖਲੋਤੀ ਹੈ ਤੇ ਸਰਮਾਏਦਾਰੀ ਸਿਸਟਮ ਵਿਚ ਕੱਚਾ ਮਾਲ ਜਾਂ ਜਿਨਸ ਪੈਦਾ ਕਰਨ ਵਾਲਿਆਂ ਨਾਲ ਹਮੇਸ਼ਾ ਵਿਤਕਰਾ ਹੁੰਦਾ ਹੈ ਤੇ ਹਮੇਸ਼ਾ ਉਹਨਾਂ ਦੀ ਕਿਰਤ ਲੁੱਟੀ ਜਾਂਦੀ ਹੈ। ਇੰਦਰਾ ਬੀਬੀ ਦੇ ਇਕ ਪੁਰਖੀ ਰਾਜ ਦੇਸ਼ ਦੀ ਵਡੀ ਸਰਮਾਏਦਾਰੀ ਦਾ ਨਮੂਨਾ ਹੈ, ਇਹਦੇ ਵਿਰੁਧ ਸੰਘਰਸ਼ ਲੋਕਾਂ ਦਾ ਹੱਕੀ ਸੰਘਰਸ਼ ਹੈ, ਵੱਧ ਅਧਿਕਾਰਾਂ ਦੀ ਮੰਗ ਇਸ ਸੰਘਰਸ਼ ਦਾ ਹਿੱਸਾ ਹੈ।

—ਸੱਚੀ ਜਮਹੂਰੀਅਤ ਵਿਚ ਘੱਟ ਗਿਣਤੀ ਦੇ ਲੋਕਾਂ ਦੀਆਂ ਕਲਚਰਲ ਰਵਾਇਤਾਂ ਨੂੰ ਵਿਸ਼ੇਸ਼ ਕਾਨੂੰਨਾਂ ਰਾਹੀਂ ਸੁਰੱਖਸ਼ਤ ਕੀਤਾ ਜਾਂਦਾ ਹੈ। ਹਿੰਦੋਸਤਾਨ ਵਿਚ ਬਹੁਤ ਸਾਰੇ ਲੋਕਾਂ ਨੂੰ ਇਸ ਸੁਰੱਖਿਆ ਦੀ ਲੋੜ ਹੈ। ਵਿਸ਼ੇਸ਼ ਰਵਾਇਤਾਂ ਕਰਕੇ ਸਿਖ ਵੀ ਇਸ ਦੇ ਹੱਕਦਾਰ ਕਹੇ ਜਾ ਸਕਦੇ ਹਨ। ਸਿਰਫ਼ ਬਹੁ-ਗਿਣਤੀ ਦੇ ਬਲ ਬਣੀ ਹਕੂਮਤ ਨਾ ਹੀ ਜਮਹੂਰੀ ਹਕੂਮਤ ਹੋਏਗੀ ਤੇ ਨਾ ਹੀ ਪਾਏਦਾਰ ਹਕੂਮਤ ਹੋਵੇਗੀ, ਭਾਵੇਂ ਇਹ ਕਾਂਗਰਸੀਆਂ ਦੀ ਹੋਵੇ ਤੇ ਭਾਵੇਂ ਅਕਾਲੀਆਂ ਦੀ। ਮੌਜੂਦਾ ਹਾਲਤਾਂ ਵਿਚ (ਜਦੋਂ ਜਮਾਤੀ ਚੇਤਨਤਾ ਦਾ ਪੱਧਰ ਬਹੁਤ ਨੀਵਾਂ ਹੈ) ਪੰਜਾਬ ਵਿਚ ਪਾਏਦਾਰ ਹਕੂਮਤ ਉਹੀ ਹੋਵੇਗੀ, ਜਿਸ ਵਿਚ ਸਾਰੇ ਫਿਰਕਿਆ ਦੀ ਸਹੀ ਨੁਮਾਇੰਗੀ ਹੋਵੇ।

- ਪੰਜਾਬ ਦਾ ਭਵਿੱਖ ਸਾਰਿਆਂ ਧਿਰਾਂ ਵਲੋਂ ਦਲੇਰ ਸੋਚਣੀ ਦੀ ਮੰਗ ਕਰਦਾ ਹੈ। ਰੂੜੀਵਾਦ, ਕੱਟੜਵਾਦ, ਵੱਖਵਾਦ ਅਤੇ ਨਾਲ ਹੀ ਸੁਰਮਾਏਦਾਰੀ ਦੇ ਨਮੂਨੇ ਤੇ ਖਲੋਤਾ ਇਕ ਪੁਰਖੀ ਡਿਕਟੇਟਰਵਾਦ ਲੋਕਾਂ ਦੇ ਵਡੇ ਦੁਸ਼ਮਨ ਹਨ। ਇਹਨਾਂ ਦੁਸ਼ਮਨ ਰੁਝਾਣਾ ਨੂੰ ਬਾਂਜ ਦਿਤੇ ਬਿਨਾਂ ਭਵਿੱਖ ਕਦੀ ਵੀ ਉੱਜਲ ਨਹੀਂ ਹੋ ਸਕਦਾ। ਫਾਰਮੂਲੇ ਭਾਵੇਂ ਕਿੰਨੇ ਲੱਭਦੇ ਰਹੀਏ ਤੇ ਗੰਢ ਤਰੁੱਪ ਭਾਵੇਂ ਕਿੰਨੀ ਕਰੀਏ। ਇਹ ਅਸੂਲੀ ਲਾਮਬੰਦੀ ਅੱਜ ਦੇ ਸਮੇਂ ਦੀ ਲੋੜ ਹੈ।

—ਗੁਰਸ਼ਰਨ ਸਿੰਘ

## ਕੁਝ ਟਿਪਣੀਆਂ :

1. ਸਭਿਆਚਾਰਕ ਜਾਗ੍ਰਿਤੀ ਵਲ ਵੱਧਦੀ ਹੋਈ ਬਿਜਲੀ ਬੋਰਡ ਦੇ ਵਰਕਰਾਂ ਦੀ ਟੈਕਨੀਕਲ ਸਰਵਿਸਜ਼ ਯੂਨੀਅਨ (ਟੀ. ਐਸ. ਯੂ.) :—ਵਿਤਕਰਿਆ ਭਰੇ ਸਮਾਜ, ਜਿਸ ਵਿਚ ਅਸੀਂ ਰਹਿ ਰਹੇ ਹਾਂ, ਇਸਨੂੰ ਇਨਕਲਾਬੀ ਤਬਦੀਲੀਆਂ ਦੀ ਲੋੜ ਹੈ। ਇਹ ਤਬਦੀਲੀ ਤਾਂ ਹੀ ਮੁਮਕਿਨ ਹੋ ਸਕਦੀ ਹੈ ਕਿ ਲੋਕ ਇਸ ਬਾਰੇ ਚੇਤਨ ਹੋਣ। ਅਵਾਮੀ ਜਥੇਬੰਦੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਸ ਲੋੜ ਬਾਰੇ ਲੋਕਾਂ ਦੀ ਸੂਝ ਨੂੰ ਪ੍ਰਚੰਡ ਕਰਨ। ਲੋਕਾਂ ਦੀ ਚੇਤਣਤਾ ਨੂੰ ਖੁੰਡਿਆਂ ਕਰਨ ਲਈ ਹਾਕਮ ਜਮਾਤ ਜਿਨ੍ਹਾਂ ਸਾਧਨਾਂ ਦੀ ਵਰਤੋਂ ਕਰ ਰਹੀ ਹੈ, ਉਹਨਾਂ ਵਿਚ ਲੱਚਰ ਸਾਹਿਤ, ਲੱਚਰ ਗੀਤ ਅਤੇ ਲੱਚਰ ਕਿਸਮ ਦੀਆਂ ਸਭਿਆਚਾਰਕ ਸਰਗਰਮੀਆਂ, ਵਡਾ ਹਿੱਸਾ ਪਾ ਰਹੀਆਂ ਹਨ। ਇਹਦਾ ਮੁਕਾਬਲਾ ਕਰਨ ਲਈ ਜਿਥੇ ਪੰਜਾਬ ਲੋਕ ਸਭਿਆਚਾਰਕ ਮੰਚ ਵਡੇ ਪੈਮਾਨੇ ਤੇ ਇਕ ਪ੍ਰੋਗਰਾਮ ਉਲੀਕ ਕੇ ਸਰਗਰਮ ਹੈ ਉਥੇ ਲੋਕ ਜਥੇਬੰਦੀਆਂ ਵੀ ਇਸ ਵਿਚ ਵਡਾ ਹਿੱਸਾ ਪਾ ਰਹੀਆਂ ਹਨ। ਇਹਦੀ ਇਕ ਮਿਸਾਲ ਬਿਜਲੀ ਬੋਰਡ ਦੇ ਕਾਮਿਆਂ ਦੀ ਟੈਕਨੀਕਲ ਸਰਵਿਸਜ਼ ਯੂਨੀਅਨ ਹੈ। ਹੋਰਨਾਂ ਮਹਿਕਮਿਆਂ ਵਾਂਗ ਇਹ ਵੀ ਬਿਜਲੀ ਮਹਿਕਮੇ ਦੇ ਵਰਕਰਾਂ ਦੀ ਯੂਨੀਅਨ ਹੈ ਜਿਸ ਰਾਹੀਂ ਉਹ ਅਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ; ਪਰ ਇਹ ਯੂਨੀਅਨ ਇਸ ਤੋਂ ਵੱਧ ਆਪਣੀਆਂ ਸਮਾਜਿਕ ਜ਼ਿਮੇਵਾਰੀਆਂ ਬਾਰੇ ਵੀ ਚੇਤੰਨ ਹੈ। ਸਮਾਜ ਵਿਚ ਰੂੜੀਵਾਦੀ ਕਦਰਾਂ ਕੀਮਤਾਂ ਵਿਰੁਧ ਵੀ ਇਹ ਸੰਘਰਸ਼ਾਂ ਵਿਚ ਲੋਕਾਂ ਦੇ ਨਾਲ ਖਲੋਂਦੀ ਹੈ। ਇਸ ਮਹੀਨੇ ਹੀ ਮਲੋਟ ਵਿਚ ਜਦੋਂ ਦਾਜ ਦੇ ਲਾਲਚੀਆਂ ਨੇ ਇਕ ਕੁੜੀ ਨੂੰ ਸਾੜਿਆ ਤਾਂ ਬਿਜਲੀ ਬੋਰਡ ਦੇ ਕਾਮਿਆਂ ਨੇ ਲੋਕਾਂ ਨਾਲ ਮਿਲਕੇ ਕਾਤਲਾਂ ਵਿਰੁਧ ਕਾਰਵਾਈ ਦੀ ਅਗਵਾਈ ਕੀਤੀ। ਇਸ ਯੂਨੀਅਨ ਨੇ ਸਮਾਜ ਵਿਚ ਸਭਿਆਚਾਰਕ ਗੰਦ ਹੂੰਝਣ ਦਾ ਵੀ ਪ੍ਰੋਗਰਾਮ ਉਲੀਕਿਆ ਹੈ। ਇਸ ਦੇ ਅਧੀਨ ਲੋਕਾਂ ਨਾਲ ਸਿੱਧਾ ਸੰਪਰਕ ਪੈਦਾ ਕਰਨ ਦਾ ਵੀ ਬੀੜਾ ਚੁਕਿਆ ਹੈ। ਪਿਛਲੇ ਸਾਲ

ਨਥਾਨਾ ਅਤੇ ਭੂਚੋਂ ਦੇ ਤਜਰਬਿਆਂ ਨੂੰ ਅਗੇ ਲਿਜਾਂਦੇ ਹੋਏ ਇਸ ਸਾਲ ਪਿਛਲੇ ਦਿਨਾਂ ਵਿਚ ਮਲੋਟ, ਬਾਗਾ ਪੁਰਾਣਾ, ਰਾਮਾ ਮੰਡੀ, ਫਾਜ਼ਿਲਕਾ, ਗੁਣਿਆਣਾ, ਲੰਬੀ ਆਦਿਕ ਥਾਵਾਂ ਤੇ ਇਸ ਯੂਨੀਅਨ ਵਲੋਂ ਲੋਕ ਪੱਖੀ ਗੀਤਾਂ ਅਤੇ ਨਾਟਕਾਂ ਦੇ ਸਮਾਗਮ ਕਰਵਾਏ ਗਏ ਹਨ। ਵਧੀਆ ਪ੍ਰਬੰਧ ਥਲੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਇਹ ਸਮਾਗਮ ਵੇਖੇ ਹਨ। ਲੋਕਾਂ ਨੇ ਜਿਥੇ ਇਹ ਸਭਿਆਚਾਰਕ ਪ੍ਰੋਗਰਾਮ ਵੇਖੇ, ਉਥੇ ਟੀ. ਐਸ. ਯੂ. ਦੇ ਬੁਲਾਰਿਆਂ ਨੇ ਲੋਕਾਂ ਨੂੰ ਬਿਜਲੀ ਬੋਰਡ ਦੀ ਵਰਕਿੰਗ ਸਮਝਾਈ ਕਿ ਕਿਸਤਰ੍ਹਾਂ, ਨਾਲਾਇਕ ਅਤੇ ਬੇਈਮਾਨ ਇੰਤਜ਼ਾਮੀਆਂ ਇਸ ਬੋਰਡ ਵਲੋਂ ਲੋਕ ਦੁਸ਼ਮਣ ਕਾਰ-ਵਾਈਆਂ ਦੀ ਜ਼ਿਮੇਵਾਰ ਹੈ, ਲੋਕਾਂ ਦਾ ਸੰਪਰਕ ਕਿਉਂਕਿ ਸਿਰਫ ਛੋਟਿਆਂ ਵਰਕਰਾਂ ਨਾਲ ਹੀ ਆਂਦਾ ਹੈ ਉਹ ਆਪਣੇ ਦੁੱਖ ਅਤੇ ਤੰਗੀ ਦਾਂ ਜ਼ਿਮੇਵਾਰ ਇਹਨਾਂ ਕਾਮਿਆਂ ਨੂੰ ਹੀ ਠਹਿਰਾਉਂਦੇ ਹਨ। ਉਤੇ ਬੈਠੇ ਮਗਰਮੱਛ ਜਿਹੜੇ ਲੱਖਾਂ ਦੀਆਂ ਹੇਰਾਫੇਰੀਆਂ ਕਰਕੇ ਨਾਕਸ ਕਿਸਮ ਦੇ ਸਾਮਾਨ ਦੀ ਖ੍ਰੀਦ ਕਰਦੇ ਹਨ, ਉਹ ਲੋਕਾਂ ਦੀਆਂ ਨਜ਼ਰਾਂ ਤੋਂ ਬਚੇ ਹੀ ਰਹਿੰਦੇ ਹਨ। ਟੀ.ਐਸ.ਯੂ. ਦੇ ਬੁਲਾਰਿਆਂ ਨੇ ਜਿਥੇ ਆਪਣੇ ਵਰਕਰਾਂ ਨੂੰ ਇਹ ਸੂਝ ਦਿਤੀ ਕਿ ਉਹਨਾਂ ਦੇ ਹਿਤ ਲੋਕਾਂ ਦੇ ਹਿਤਾਂ ਨਾਲ ਜੁੜੇ ਹੋਏ ਹਨ, ਤੇ ਉਹ ਉਹਨਾਂ ਦੇ ਦੁੱਖ ਤਕਲੀਫ ਦੂਰ ਕਰਨ ਲਈ ਵੱਧ ਤੋਂ ਵੱਧ ਯਤਨਸ਼ੀਲ ਹੋਣ, ਉਥੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਹੀ ਦੁਸ਼ਮਣ ਨੂੰ ਪਛਾਨਣ। ਇਕ ਟਰੇਡ ਯੂਨੀਅਨ ਜਥੇਬੰਦੀ ਵਲੋਂ ਸਭਿਆਚਾਰਕ ਮਾਧਿਅਮ ਦੁਆਰਾ ਇਹੋ ਜਿਹੇ ਪ੍ਰੋਗਰਾਮ ਨੂੰ ਹੱਥ ਲੈਣਾ ਪਬਲਿਕ ਸੰਪਰਕ ਦੀਆਂ ਦੂਜੀਆਂ ਯੂਨੀਅਨਾਂ (ਰੋਡਵੇਜ਼ ਵਰਕਰਾਂ ਦੀ ਯੂਨੀਅਨ, ਟੀਚਰਜ਼ ਯੂਨੀਅਨ ਆਦਿਕ) ਨੂੰ ਇਕ ਰਾਹ ਵਿਖਾਂਦੀ ਹੈ ਕਿ ਜਿਥੇ ਉਹ ਆਪਣੇ ਹੱਕਾਂ ਲਈ ਸੰਘਰਸ਼ ਕਰਨ, ਉਥੇ ਪਬਲਿਕ ਨੂੰ ਵੀ ਆਪਣੇ ਵਿਸ਼ਵਾਸ ਵਿਚ ਲੈਣ। ਟੀ. ਐਸ. ਯੂ. ਇਸ ਦਿਸ਼ਾ ਪ੍ਰਦਾਨਤਾ ਲਈ ਸਾਧਾਰਨ ਲੋਕਾਂ ਦੀ ਸ਼ਲਾਘਾ ਦੀ ਹੱਕਦਾਰ ਹੈ। /ਗੁਰਸ਼ਰਨ ਸਿੰਘ

2. <u>ਜਿਥੇ ਝੂਠ ਪ੍ਰਧਾਨ ਹੈ—ਬੇਰੁਜ਼ਗਾਰ ਅਧਿਆਪਕ ਯੂਨੀਅਨ ਜ਼ਿਲਾ ਕਪੂਰਥਲਾ ਦੇ ਪ੍ਰਧਾਨ ਮਾਸਟਰ ਗੁਰਦੇਵ ਸਿੰਘ ਦੀ ਝੂਠੇ ਫੌਜਦਾਰੀ ਕੇਸਾਂ ਅਧੀਨ ਗ੍ਰਿਫਤਾਰੀ :—</u>

ਮਿਤੀ 21-8-82 ਨੂੰ ਪਿੰਡ ਦੇਸਲ ਵਿਖੇ, ਪਿੰਡ ਦੇਸਲ ਦੇ ਕੁਝ ਕਿਸਾਨਾਂ ਅਤੇ ਲਾਲਾ ਅਮਰ ਨਾਥ ਦੇ ਕਰਿੰਦਿਆਂ ਵਿਚਕਾਰ ਹੋਏ ਝਗੜੇ ਦੇ ਸਬੰਧ ਵਿੱਚ, ਮਾਸਟਰ ਗੁਰਦੇਵ ਸਿੰਘ ਨੂੰ ਇਸ ਕੇਸ ਵਿੱਚ ਧਰ ਲਿਆ ਗਿਆ ਉਸਦੇ ਗ੍ਰਿਫਤਾਰੀ ਵਰੰਟ ਜਾਰੀ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। ਜਦੋਂ ਕਿ ਉਹ ਇਸੇ ਮਿਤੀ ਨੂੰ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਅਜਲਾਸ ਵਿੱਚ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਇਆ, ਜੋ ਕਿ ਲੁਧਿਆਣੇ ਵਿਖੇ ਹੋ ਰਿਹਾ ਸੀ। ਅਤੇ ਦੇਰ ਰਾਤ ਤੱਕ ਚੱਲਦਾ ਰਿਹਾ।

ਕੇਸ ਦਾ ਪਿਛੋਕੜ :—ਪਿੰਡ ਦੇਸਲ ਵਿਖੇ, ਬਰਗੇਡੀਅਰ ਸੰਤ ਸਿੰਘ ਪੱਡਾ ਦੀ 100 ਕਿੱਲਾ (ਏਕੜ) ਜ਼ਮੀਨ ਸੀ ਜੋ ਹਰਚੰਦ ਸਿੰਘ ਕਮੇਟੀ ਨੇ ਸਰਪਲੱਸ ਕਰਾਰ ਦੇ ਦਿੱਤੀ। ਸਰਪਲੱਸ ਹੋਣ ਦੇ ਬਾਵਜੂਦ ਵੀ ਬਰ-ਗੇਡੀਅਰ ਸਾਹਿਬ ਇਸ ਤੇ ਕਬਜ਼ਾ ਨਹੀਂ ਛੱਡਣਾ ਚਾਹੁੰਦੇ ਸਨ। ਕਿਰਤੀ ਕਿਸਾਨ ਸਭਾ ਨੇ ਇਹ ਕੇਸ ਅਦਾਲਤ ਰਾਹੀਂ ਅਤੇ ਜਥੇਬੰਦਕ ਦਬਾਅ ਰਾਹੀਂ ਜਿੱਤ ਕੇ ਇਹ ਜ਼ਮੀਨ ਪਿੰਡ ਦੇਸਲ ਦੇ ਬੇਜ਼ਮੀਨੇ ਕਿਸਾਨਾਂ ਵਿੱਚ ਚਾਰ-ਚਾਰ ਕਿੱਲੇ ਦੇ ਪਲਾਟ ਬਣਾ ਕੇ ਵੰਡ ਦਿੱਤੀ। ਲਾਲਾ ਅਮਰ ਨਾਥ ਜਿਹੜਾ ਕਿ ਅੱਗੇ ਹੀ ਮੰਡ ਵਿੱਚ ਕਾਫੀ ਜ਼ਮੀਨ ਵਹੁੰਦਾ ਸੀ ਉਸਨੇ ਇਸ ਜ਼ਮੀਨ ਤੇ ਨਿਗਾਹ ਰੱਖਣੀ ਸ਼ੁਰੂ ਕਰ ਦਿੱਤੀ ਤੇ ਕਮਜ਼ੋਰ ਬੰਦਿਆਂ ਨੂੰ ਤੋੜਕੇ, ਉਹਨਾਂ ਨੂੰ ਪੈਸੇ ਆਦਿ ਦਾ ਲਾਲਚ ਦੇ ਕੇ ਉਨ੍ਹਾਂ ਕੋਲੋਂ ਪੈਲੀ ਲੈ ਲਈ ਤੇ ਬਾਕੀਆਂ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿਤਾ। ਪੁਲੀਸ ਥਾਣੇ ਨਾਲ ਗੰਢ-ਤੁਪ ਕਰਕੇ ਤੀਜੇ ਚੌਥੇ ਦਿਨ ਠਾਣੇ ਬਠਾਈ ਰੱਖਣਾ। ਡਰਦੇ ਮਾਰੇ ਤੇ ਲਾਲਚ ਅਧੀਨ ਬਾਕੀ ਰਹਿੰਦੇ ਵੀ ਜ਼ਮੀਨ ਲਾਲੇ ਨੂੰ ਦੇ ਕੇ ਪਾਸੇ ਹੋ ਗਏ। (ਇਹ ਸਾਰਾ ਕੁਝ ਬੱਸ ਕਿਰਾਇਆ ਘੋਲ ਦੇ ਦੌਰਾਨ ਵਾਪਰਿਆ ਜਦੋਂ ਕਿਰਤੀ ਕਿਸਾਨ ਸਭਾ ਬੱਸ ਕਿਰਾਇਆ ਘੋਲ ਲੜ ਰਹੀ ਸੀ ਤੇ ਉਸਦੇ ਆਗੂਆਂ ਦੇ ਵਰੰਟ ਨਿਕਲੇ ਹੋਏ ਸਨ।) ਸਾਲ, ਇੱਕ ਦੀ ਚੁੱਪ ਬਾਅਦ ਆਪ ਮੁਹਾਰੇ ਤੌਰ ਤੇ ਹੀ ਉਹਨਾਂ ਮੁਜ਼ਾਰੇ ਕਿਸਾਨਾਂ ਨੇ ਜ਼ਮੀਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਿਸਦੇ ਸਿੱਟੇ ਵਜੋਂ ਇਹ ਝਗੜਾ ਹੋਇਆ। ਅਤੇ ਕੇਸ ਪੁਲੀਸ ਅਤੇ ਕਚਹਿਰੀਆਂ ਤੱਕ ਗਿਆ।

ਮਾਸਟਰ ਗੁਰਦੇਵ ਸਿੰਘ ਦਾ ਕੇਸ ਵਿਚ ਪਰੋਇਆ ਜਾਣਾ :

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਮਾਸਟਰ ਗੁਰਦੇਵ ਸਿੰਘ ਨੂੰ ਇਸ ਕੇਸ ਵਿਚ ਕਿਉਂ ਪਰੋਇਆ ਗਿਆ? ਜਦੋਂ ਕਿ ਉਹ ਉਸ ਦਿਨ ਆਪਣੇ ਪਿੰਡ ਹੀ ਨਹੀਂ ਸੀ ਅਤੇ ਆਪਣੀ ਜਥੇਬੰਦੀ ਦੇ ਹੋ ਰਹੇ ਅਜਲਾਸ ਵਿਚ, ਆਪਣੇ ਜ਼ਿਲ੍ਹੇ ਦੇ ਸਾਥੀਆਂ ਸਮੇਤ ਭਾਗ ਲੈ ਰਿਹਾ ਸੀ।

ਕਾਰਨ :—

(1) ਕਿਉਂਕਿ ਮਾਸਟਰ ਗੁਰਦੇਵ ਸਿੰਘ ਅਗਾਂਹ ਵਧੂ ਜਮਹੂਰੀਅਤ-ਪਸੰਦ ਵਿਅਕਤੀ ਹੈ ਅਤੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਆਗੂ ਹੈ। ਸਰਕਾਰ, ਪੁਲੀਸ, ਅਫਸਰਸ਼ਾਹੀ ਅਤੇ ਧਨਾਢਸ਼ਾਹੀ ਦੀ ਹਮੇਸ਼ਾਂ ਇਹ ਕੋਸ਼ਿਸ਼ ਹੁੰਦੀ ਹੈ ਕਿ ਹੱਕ-ਸੱਚ ਲਈ ਲੜਨ ਵਾਲੇ

ਵਿਅਕਤੀਆਂ ਨੂੰ ਹਮੇਸ਼ਾਂ ਝੂਠੇ ਕੇਸਾਂ ਵਿਚ ਉਲਝਾ ਕੇ ਉਨ੍ਹਾਂ ਦੀ ਲੜਨ ਸ਼ਕਤੀ ਨੂੰ ਖੁੰਢਾ ਕੀਤਾ ਜਾਵੇ।

(2) ਬਰਗੇਡੀਅਰ ਨਾਲ ਕੇਸ ਵਿਚ ਮਾਸਟਰ ਗੁਰਦੇਵ ਸਿੰਘ ਦਾ ਇਕ ਖਾਸ ਰੋਲ ਰਿਹਾ ਹੈ। ਲਾਲਾ ਅਮਰ ਨਾਥ ਇਸ ਗੱਲ ਤੋਂ ਭੈਅ-ਭੀਤ ਸੀ ਅਤੇ ਉਸਨੇ ਲਗਾਤਾਰ ਆਪਣੇ ਬੰਦਿਆਂ ਰਾਹੀਂ ਮ: ਗੁਰਦੇਵ ਸਿੰਘ ਨੂੰ ਖਰੀਦਣ ਦੀ ਕੋਸ਼ਿਸ਼ ਵੀ ਕੀਤੀ। ਇਹ ਵੱਖਰੀ ਗੱਲ ਹੈ ਕਿ ਮਾਸਟਰ ਖਰੀਦਿਆ ਨਹੀਂ ਜਾ ਸਕਿਆ। ਇਸੇ ਡਰ 'ਚੋਂ ਹੀ ਲਾਲਾ ਇਹ ਸਮਝਦਾ ਸੀ ਕਿ ਸ਼ਾਇਦ ਹੁਣ ਵਾਲੇ ਕੇਸ ਵਿਚ ਵੀ ਮਾਸਟਰ ਨੇ ਹੀ ਕਿਸਾਨਾਂ ਨੂੰ ਉਕਸਾਇਆ ਹੈ। ਜਦੋਂ ਕਿ ਇਹ ਉਸਦਾ ਭਰਮ ਹੈ। ਅਸਲੀਅਤ ਵਿਚ ਮਾਸਟਰ ਦਾ ਇਸ ਕੇਸ ਵਿਚ ਕੋਈ ਹੱਥ ਨਹੀਂ ਸੀ।

ਅਸਲ ਕਾਰਨ ਇਹ ਹੈ ਕਿ ਜ਼ਮੀਨ ਤੇ ਕਬਜ਼ਾ ਕਰ ਲੈਣ ਤੋਂ ਬਾਅਦ ਵੀ ਲਾਲਾ ਅਮਰਨਾਥ ਨੇ ਗਰੀਬ ਕਿਸਾਨਾਂ ਨੂੰ ਲਗਾਤਾਰ 107/151 ਦੇ ਕੇਸਾਂ ਵਿਚ ਉਲਝਾਈ ਰੱਖਿਆ। ਜਦੋਂ ਜੀਅ ਕਰਨਾ ਪੁਲੀਸ ਨੂੰ ਪੈਸੇ ਦੇ ਕੇ, ਆਪਣੀ ਜਾਨ ਨੂੰ ਖਤਰਾ ਕਹਿ ਕੇ ਠਾਣੇ ਸੱਦ ਲੈਣਾ ਅਤੇ ਪੁਲੀਸ ਤੋਂ ਤਸ਼ੱਦਦ ਵੀ ਕਰਵਾਉਣਾ। ਮਜ਼ਬੂਰ ਹੋ ਕੇ ਕਿਸਾਨਾਂ ਨੂੰ ਆਪਣੀ ਜ਼ਮੀਨ ਤੇ ਮੁੜ ਕਬਜ਼ਾ ਕਰਨ ਲਈ ਮਜ਼ਬੂਰ ਹੋਣਾ ਪਿਆ। ਜਿਸਦੇ ਸਿੱਟੇ ਵਜੋਂ ਇਹ ਝਗੜਾ ਹੋਇਆ।

ਇਨਕੁਆਇਰੀ :—ਮਾਸਟਰ ਗੁਰਦੇਵ ਸਿੰਘ ਨੂੰ ਨਿਜਾਇਜ਼ ਕੇਸ ਵਿਚ ਪਾਏ ਜਾਣ ਤੋਂ ਬਾਅਦ ਅਸੀਂ ਵੱਖ ਵੱਖ ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ ਅਤੇ ਨੌਜੁਆਨ ਜਥੇਬੰਦੀਆਂ ਵਲੋਂ ਐਸ. ਪੀ. ਕਪੂਰਥਲਾ ਨੂੰ ਮਿਲੇ, ਕੇਸ ਦੀ ਅਸਲੀਅਤ ਦੱਸੀ ਅਤੇ ਇਨਕੁਆਇਰੀ ਦੀ ਮੰਗ ਕੀਤੀ। ਐਸ. ਪੀ. ਵਲੋਂ ਡੀ. ਐਸ. ਪੀ. ਸੁਰਜੀਤ ਸਿੰਘ ਸਿੱਧੂ ਦੀ ਇਨਕੁਆਇਰੀ ਕਰਨ ਲਈ ਡਿਊਟੀ ਲਾਈ। ਡੀ. ਐਸ. ਪੀ. ਸੁਰਜੀਤ ਸਿੰਘ ਨੇ ਇਨਕੁਆਇਰੀ ਕਰਨ ਦਾ ਡਰਾਮਾ ਜ਼ਰੂਰ ਕੀਤਾ ਪਰੰਤੂ ਇਨਕੁਆਇਰੀ ਨਹੀਂ ਕੀਤੀ ਅਸੀਂ ਲਗਾਤਾਰ 10 ਦਿਨ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦਾ ਕਾਰਵਾਈ ਰਜਿਸਟਰ ਅਤੇ ਮਾਸਟਰ ਗੁਰਦੇਵ ਸਿੰਘ ਨਾਲ ਅਜਲਾਸ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਲੈ ਕੇ ਡੀ: ਐਸ: ਪੀ: ਸੁਰਜੀਤ ਸਿੰਘ ਸਿੱਧੂ ਨੂੰ ਮਿਲਦੇ ਰਹੇ। ਪਰੰਤੂ ਡੀ: ਐਸ: ਪੀ: ਵਲੋਂ ਹੁਣੇ ਗੁਵਾਹੀਆਂ ਲੈਂਦਾ ਹਾਂ, ਸਵੇਰੇ ਗੁਵਾਹੀਆਂ ਲਵਾਂਗਾ !! ਸ਼ਾਮ ਨੂੰ ਅਤੇ ਅੱਜ ਕਲ੍ਹ ਤੇ ਪਰਸੋਂ ਨੂੰ ਗੁਵਾਹੀਆਂ ਲਵਾਂਗਾ ਆਦਿ ਕਹਿਕੇ, ਰੋਜ਼ ਹੀ ਟਰਕਾ ਦਿੱਤਾ ਜਾਂਦਾ ਰਿਹਾ; ਰੋਜ਼ ਸਾਨੂੰ ਸੱਦ ਲਿਆ ਜਾਂਦਾ ਰਿਹਾ। ਤੇ ਇਸ ਡਰਾਮੇ ਦਾ ਡਰਾਪ-ਸੀਨ ਹੋਇਆ ਮਿਤੀ 10-9-82 ਨੂੰ ਜਦੋਂ ਗੁਵਾਹੀਆਂ ਲਈ ਸੱਦ ਕੇ, ਬਗੈਰ ਇਨਕੁਆਇਰੀ ਕੀਤੇ, ਬਗੈਰ ਦੋਸ਼ੀ ਨਾਮਜਦ ਕੀਤੇ ਮਾਸਟਰ ਗੁਰਦੇਵ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸਤੇ 307/326 ਦਾ ਕੇਸ ਮੜ੍ਹ ਦਿੱਤਾ ਗਿਆ ਤੇ ਹਵਾਲਤ ਵਿੱਚ ਬੰਦ ਕਰ ਦਿੱਤਾ ਗਿਆ।

ਡੈਪੂਟੇਸ਼ਨ :— ਗ੍ਰਿਫਤਾਰੀ ਤੋਂ ਫੌਰੀ ਬਾਅਦ ਅਸੀਂ ਫਿਰ ਐਸ. ਪੀ, ਕਪੂਰਥਲਾ ਨੂੰ ਡੈਪੂਟੇਸਨ ਲੈ ਕੇ ਮਿਲੇ ਅਤੇ ਡੀ: ਐਸ: ਪੀ ਦੀ ਕਰਤੂਤ ਦੇਸ ਕੇ ਇਨ-ਕੁਆਇਰੀ ਕਿਸੇ ਹੋਰ ਅਫਸਰ ਤੋਂ ਕਰਵਾਉਣ ਦੀ ਮੰਗ ਕੀਤੀ। ਐਸ: ਪੀ: ਆਪ ਇਨਕੁਆਰੀ ਕਰਨਾ ਮੰਨ ਗਿਆ। ਪਰੰਤੂ ਇਸੇ ਸਮੇਂ ਵਿੱਚ ਹੀ ਉਸਦੀ ਬਦਲੀ ਗੁਰਦਾਸਪੁਰ ਹੋ ਗਈ।

ਧਰਨਾ ਅਤੇ ਮੁਜ਼ਾਹਰਾ :—ਅਸੀਂ ਆਪਣੀ ਇਨ-ਕੁਆਇਰੀ ਦੀ ਮੰਗ ਨੂੰ ਲੋਕਾਂ ਵਿੱਚ ਲਿਜਾਣ ਦਾ ਮਨ ਬਣਾਇਆ ਤਾਂ ਕਿ ਪੁਲੀਸ ਅਤੇ ਧਨਾਢਸ਼ਾਹੀ ਦੀ ਕਰਤੂਤ ਲੋਕਾਂ ਵਿੱਚ ਨੰਗੀ ਕੀਤੀ ਜਾ ਸਕੇ। ਆਪਣਾ ਪੱਖ ਲੋਕਾਂ ਵਿੱਚ ਰੱਖਿਆ ਜਾ ਸਕੇ ਅਤੇ ਪੁਲੀਸ ਅਫਸਰਸ਼ਾਹੀ ਦੇ ਮੂੰਹ ਤੋਂ ਮੁਖੌਟਾ ਲਾਹਿਆ ਜਾ ਸਕੇ। ਇਸ ਮਕਸਦ ਲਈ ਕਚਹਿਰੀ ਚੌਂਕ ਕਪੂਰਥਲਾ ਵਿਖੇ ਧਰਨਾ ਦਿੱਤਾ ਗਿਆ ਜਿਸਨੂੰ ਵੱਖ ਵੱਖ ਮਜ਼ਦੂਰ, ਮੁਲਾਜ਼ਮ ਕਿਸਾਨ, ਵਿਦਿਆਰਥੀ ਅਤੇ ਨੌਜੁਆਨ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ ਤੇ ਮੰਗ ਕੀਤੀ ਕਿ ਗੁਰਦੇਵ ਸਿੰਘ ਤੇ ਪਾਇਆ ਗਿਆ ਝੂਠਾ ਕੇਸ ਵਾਪਸ ਲਿਆ ਜਾਵੇ। ਬੇ-ਰੁਜ਼ਗਾਰ ਅਧਿਆਪਕ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸ: ਮਲਕੀਤ ਸਿੰਘ ਉਚੇਚੇ ਤੌਰ ਤੇ ਧਰਨੇ ਵਿੱਚ ਸ਼ਾਮਲ ਹੋਏ ਤੇ ਦੱਸਿਆ ਕਿ ਮਾਸਟਰ ਗੁਰਦੇਵ ਸਿੰਘ ਝਗੜੇ ਵਾਲੇ ਦਿਨ ਅਤੇ ਰਾਤ ਅਜਲਾਸ ਵਿੱਚ ਸ਼ਾਮਲ ਹੋਇਆ। 200 ਦੇ ਲੱਗਪੱਗ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ, ਨੌਜੁਆਨਾਂ ਅਤੇ ਇਸਤੀਆਂ ਨੇ ਧਰਨੇ ਵਿੱਚ ਭਾਗ ਲਿਆ। ਸ਼ਾਮ ਨੂੰ ਕਚਹਿਰੀ ਦੇ ਆਲੇ ਦੁਆਲੇ ਰੋਹ-ਭਰਪੂਰ ਮੁਜ਼ਾਹਰਾ ਕੀਤਾ ਗਿਆ। ਡੀ: ਸੀ ਅਤੇ ਐਸ.ਪੀ. ਦੇ ਹੈਡਕੁਆਟਰ ਤੇ ਨਾ ਹੋਣ ਕਾਰਣ ਮੰਗ-ਪੱਤਰ ਜੀ. ਏ. ਨੂੰ ਦਿੱਤਾ ਗਿਆ।

ਨਵਾਂ ਐਸ. ਪੀ. ਆਉਣ ਤੇ ਅਸੀਂ ਉਸ ਨੂੰ ਫਿਰ ਡੈਪੂਟੇਸ਼ਨ ਲੈ ਕੇ ਮਿਲੇ। ਕੇਸ ਦੀ ਅਸਲੀਅਤ ਦੱਸੀ ਤੇ ਇਨਕੁਆਰੀ ਦੀ ਮੰਗ ਕੀਤੀ। ਮਿਤੀ 20-10-82 ਦੇ ਡੈਪੂਟੇਸ਼ਨ ਵਿਚ ਤਾਂ ਉਹਨਾਂ ਵਿਸ਼ਵਾਸ ਦਿਵਾ ਕੇ ਹੀ ਸਾਰ ਦਿਤਾ। ਪਰੰਤੂ 8-11-82 ਦਾ ਡੈਪੂਟੇਸ਼ਨ ਮਿਲਣ ਤੇ ਉਨ੍ਹਾਂ ਤੇ ਡੀ. ਐਸ. ਪੀ. ਬਖਸ਼ੀਸ਼ ਸਿੰਘ ਦੀ ਡਿਊਟੀ ਲਾ ਦਿਤੀ ਹੈ ਜੋ ਜ਼ਿਲੇ ਵਿਚ ਨਵੇਂ ਆਏ ਹਨ। ਵੇਖੋ ! ਊਠ ਕਿਸ ਕਰਵਟ ਬੈਠਦਾ ਹੈ।

ਕੁਝ ਟਿਪਣੀਆਂ :

# ਏਸ਼ਿਆਈ ਖੇਡਾਂ

੦ ਪ੍ਰੋ. ਐਮ. ਸੀ. ਭਾਰਦਵਾਜ

ਉਲੰਪਿਕ ਖੇਡਾਂ, ਏਸ਼ਿਆਈ ਖੇਡਾਂ, ਆਪਣੇ ਆਪ ਵਿਚ ਕੌਮਾਂ ਦੀ ਬਰਾਬਰੀ ਵਿਚ ਸ਼ਾਨਦਾਰ ਸੰਸਥਾਵਾਂ ਹਨ। ਵੱਖ ਵੱਖ ਕੌਮਾਂ ਦੀ ਜੁਆਨੀ ਇਕ ਥਾਂ ਇਕੱਠੀ ਹੋ ਕੇ ਭਰਾਤਰੀ ਵਾਤਾਵਰਨ ਵਿਚ ਮੁਕਾਬਲੇ ਕਰੇ ਅਤੇ ਖੇਡਾਂ ਵਿਚ ਆਪਣੇ ਜੌਹਰ ਵਿਖਾਵੇ, ਇਹ ਇਕ ਅਜ਼ੀਮ ਗੱਲ ਹੈ। ਪਰ ਪ੍ਰਿਛਲੇ ਸਾਲਾਂ ਤੋਂ ਇਹ ਮਹਿਸੂਸ ਹੋ ਰਿਹਾ ਹੈ ਕਿ ਇਹਨਾਂ ਖੇਡਾਂ ਦੀਆਂ ਰਵਾਇਤਾਂ ਵਿਚ ਤਕਨੀਕੀ ਨਿਪੁੰਨਤਾ ਦੇ ਨਾਂ ਥੱਲੇ ਐਸੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਕਿ ਇਹ ਗ਼ਰੀਬ ਕੌਮਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਖੇਡਾਂ ਖੇਡਣ ਦੇ ਰੂਲ ਅਤੇ ਅਸੂਲ ਹਰ ਸਾਲ ਇਸ ਤਰ੍ਹਾਂ ਬਦਲਾਏ ਜਾ ਰਹੇ ਹਨ ਕਿ ਗ਼ਰੀਬ ਲੋਕ ਉਹ ਖੇਡਣ ਦਾ ਸੁਪਨਾ ਵੀ ਨਾ ਲੈਣ। ਕੁਦਰਤੀ ਘਾਹ ਦੀ ਥਾਂ ਵਿਸ਼ੇਸ਼ ਕਿਸਮ ਦੇ ਪੋਲੀਐਸਟਰ ਦੇ ਟਾਟ (TURFS) ਜਿਨ੍ਹਾਂ ਦੀ ਕੀਮਤ ਲੱਖਾਂ ਰੁਪੇ ਹੁੰਦੀ ਹੈ, ਖੇਡ ਲਈ ਵਿਛਾਏ ਜਾਂਦੇ ਹਨ। ਕੁਦਰਤੀ ਰੌਸ਼ਨੀ ਦੀ ਥਾਂ ਬਿਜਲੀ ਦੀ ਚੁੰਧਿਆਈ ਰੌਸ਼ਨੀ ਵਿਚ ਖੇਡਣਾ ਜ਼ਰੂਰੀ ਹੋ ਗਿਆ ਹੈ। ਹਵਾ ਅਨੁਕੂਲ ਵਾਤਾਵਰਨ ਲਈ ਵਡੇ ਸਟੇਡੀਅਮ ਬਨਾਉਣੇ ਜ਼ਰੂਰੀ ਹਨ। ਤੈਰਾਕੀ ਲਈ ਵਿਸ਼ੇਸ਼ ਕਿਸਮ ਦੇ ਤਾਲਾਬ ਵੀ ਜ਼ਰੂਰੀ ਹਨ। ਖੇਡਾਂ ਨੂੰ ਸ਼ੁਰੂ ਕਰਨ ਵਾਲੀ ਰਸਮ ਵਿਚ ਸ਼ਾਨ ਵਿਖਾਈ ਜਾਂਦੀ ਹੈ ਤੇ ਲੱਖਾਂ ਰੁਪਏ ਬਰਬਾਦ ਕੀਤੇ ਜਾਂਦੇ ਹਨ। ਜਿਸ ਤਰ੍ਹਾਂ ਹੌਛੇ ਅਮੀਰ ਵਿਆਹਵਾਂ ਸ਼ਾਦੀਆਂ ਵਿਚ ਵਿਖਾਵਾ ਕਰਦੇ ਹਨ, ਇਹ ਵਿਖਾਵਾ ਖੇਡਾਂ ਵਰਗੀ ਅਜ਼ੀਮ ਸੰਸਥਾ ਵਿਚ ਵੀ ਕੀਤਾ ਜਾਣ ਲੱਗਾ ਹੈ। ਖੇਡਾਂ ਉਤੇ, ਖਿਡਾਰੀਆਂ ਉਤੇ ਖਰਚ ਥੋੜਾ ਹੈ, ਪਰ ਫਜ਼ੂਲ ਵਿਖਾਵੇ ਵਿਚ ਅੰਨ੍ਹਾਂ ਪੈਸਾ ਉਜਾੜਿਆ ਜਾਂਦਾ ਹੈ। ਇਹੋ ਜਿਹਾ ਇੰਤਜ਼ਾਮ ਜਦੋਂ ਭਾਰਤ ਵਰਗੇ ਦੇਸ਼ ਦੀ ਭ੍ਰਿਸ਼ਟ ਅਫਸਰਸ਼ਾਹੀ ਦੇ ਹੱਥ ਜਾਂਦਾ ਹੈ ਤਾਂ ਉਜਾੜਾ ਹੋਰ ਵੀ ਬਹੁਤ ਹੁੰਦਾ ਹੈ। ਕਿਧਰੇ ਕੇਰਲਾ ਤੋਂ ਗੱਡੀ ਰਾਹੀਂ ਹਾਥੀ ਮੰਗਵਾਏ ਜਾਂਦੇ ਹਨ ਜਿਨ੍ਹਾਂ ਤੇ 45 ਲੱਖ ਰੁਪਿਆ ਖਰਚ ਆ ਜਾਂਦਾ ਹੈ। 10 ਮਿੰਟ ਭੰਗੜਾ ਪਾਉਣਾ ਹੈ, ਚਾਰ ਪੰਜ ਸੌ ਨੱਚਣ ਵਾਲੇ ਚਾਹੀਦੇ ਹਨ, ਚਾਲ੍ਹੀ ਪੰਜਾਹ ਢੋਲੀ ਚਾਹੀਦੇ ਹਨ, 11 ਲੱਖ ਰੁਪਿਆ ਖ਼ਰਚ ਕਰ ਦਿਤਾ ਜਾਂਦਾ ਹੈ। ਭਾਰਤ ਵਿਚ ਏਸ਼ਿਆਈ ਖੇਡਾਂ ਹੋਣੀਆਂ ਇਕ ਸ਼ੁਭ ਗੱਲ ਸੀ, ਪਰ ਜਿਸ ਤਰ੍ਹਾਂ ਇਹ ਖੇਡਾਂ ਕਰਵਾਈਆਂ ਜਾ ਰਹੀਆਂ ਹਨ ਜਾਂ ਪ੍ਰਿਛਲੇ ਦੋ ਤਿੰਨ ਸਾਲਾਂ ਵਿਚ ਇਹਨਾਂ ਖੇਡਾਂ ਦੇ ਨਾਂ ਤੇ ਜਿਹੜੀ ਫ਼ਜ਼ੂਲ ਖਰਚੀ ਕੀਤੀ ਗਈ ਹੈ, ਇਹ ਭਾਰਤ ਦੇ ਕਰੋੜਾਂ ਲੋਕਾਂ ਲਈ ਇਕ ਦੁੱਖਦੀ ਰੱਗ ਬਣ ਗਈ ਹੈ, ਪ੍ਰਿਛਲੇ ਅੰਕ ਵਿਚ ਏਸ਼ਿਆਈ ਖੇਡਾਂ ਦੀ ਤਿਆਰੀ ਵਿਚ ਗ਼ਰੀਬ ਮਜ਼ਦੂਰਾਂ ਦਾ ਜੋ ਸ਼ੋਸ਼ਣ ਹੋਇਆ, ਉਹਦੀ ਕਹਾਣੀ ਗੁਰਸ਼ਰਨ ਸੇਖੋਂ ਵਲੋਂ ਅਨੁਵਾਦਤ ਇਕ ਰੀਪੋਰਟ ਵਿਚ ਦਿਤੀ ਗਈ ਸੀ। ਪਿਛਲੇ ਅੰਕ ਵਿਚ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦਾ ਇਕ ਵਿਅੰਗਾਤਮਿਕ ਇਕਾਂਗੀ ਵੀ ਇਸੇ ਵਿਸ਼ੇ ਤੇ ਸੀ। ਇਸ ਅੰਕ ਵਿਚ ਪ੍ਰੋ. ਭਾਰਦਵਾਜ ਦੀਆਂ ਕੁਝ ਟਿਪਣੀਆਂ ਦਿੱਤੀਆਂ ਜਾ ਰਹੀਆਂ ਹਨ, ਜੋ ਏਸ਼ਿਆਈ ਖੇਡਾਂ ਬਾਰੇ ਕਰੋੜਾਂ ਲੋਕਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਦੀਆਂ ਹਨ। —ਸੰਪਾਦਕ

## ਵਧਾਈ ਹੋਵੇ

—ਬੜੇ ਖ਼ੁਸ਼ ਨਜ਼ਰ ਆ ਰਹੇ ਹੋ...?

—ਦੇਸ਼ ਵਿਚ ਏਸ਼ਿਆਈ ਖੇਡਾਂ ਜੁ ਹੋ ਰਹੀਆਂ ਹਨ।

—ਪਰ ਇਸ ਵਿਚ ਐਨੀ ਖੁਸ਼ੀ ਵਾਲੀ ਕਿਹੜੀ ਗੱਲ ਹੈ?

—ਆਪਣੇ ਦੇਸ਼ ਦੀ ਇਜ਼ਤ ਵਧੇਗੀ—ਬਾਹਰਲਿਆਂ ਦੀਆਂ ਨਜ਼ਰਾਂ ਵਿਚ!

—ਹੂੰ! 'ਬਾਹਰਲਿਆਂ' ਦੀ ਨਜ਼ਰਾਂ ਵਿਚ ਤਾਂ ਇਜ਼ਤ ਜ਼ਰੂਰ ਵਧੇਗੀ ਪਰ 'ਅੰਦਰਲਿਆਂ' ਦਾ ਕੀ ਹਾਲ ਹੋਵੇਗਾ ਜਿਨ੍ਹਾਂ ਉੱਪਰ ਦਸ ਅਰਬ ਦੇ ਟੈਕਸ ਠੁੱਕ ਜਾਣਗੇ...?

—ਸੱਚੀਂ ਐਨੇ ਭਾਰੇ ਟੈਕਸ ਲਗਣਗੇ?

—ਨਹੀਂ ਸਿਰਫ ਸੱਤਰ ਰੁਪਏ ਫੀ ਘਰ—ਔਸਤਨ 15 ਕੁ ਹਜ਼ਾਰ ਫ਼ੀ ਪਿੰਡ!! ਉਂਜ ਵੱਖਰੀ ਗੱਲ ਹੋਵੇਗੀ ਕਿ ਹਜ਼ਾਰਾਂ ਪਿੰਡਾਂ ਦੀ ਸਾਰੇ ਸਾਲ ਦੁਰਾਨ ਐਨੀ ਆਮਦਨ ਵੀ ਨਾ ਹੁੰਦੀ ਹੋਵੇ!!!

... ... ...

—ਹੁਣੇ ਹੁਣੇ ਬੜੇ ਖ਼ੁਸ਼ ਘਰ ਨੂੰ ਗਏ ਸੋ, ਯਕਦਮ ਐਨੇ ਖਫ਼ਾ ਖਫ਼ਾ ਕਿਉਂ ਮੁੜੇ ਆ ਰਹੇ ਹੋ?

—ਪੱਪੂ ਦਾ ਮੱਥਾ ਫੱਟ ਗਿਆ ਹੈ !

—ਪਰ ਕਿਸ ਤਰ੍ਹਾਂ ?

—ਬੈਟ ਲਈ ਜ਼ਿੱਦ ਕਰ ਰਿਹਾ ਸੀ, ਮੈਂ ਹੱਥਲੀ ਥਾਪੀ। ਖੋਹ, ਦੋ ਜੜ ਦਿਤੀਆਂ, ਬਸ ਅੱਖ ਦਾ ਬਚਾ ਹੋ ਗਿਆ...

...ਹੂੰ ! ਤੇ ਉਸ ਮੁਲਕ ਵਿਚ 'ਹਜ਼ਾਰ ਕਰੋੜੀ' ਖੇਡਾਂ ਹੋ ਰਹੀਆਂ ਹਨ ਜਿਸ ਦੇਸ਼ ਦੇ ਜੁਆਕ ਥਾਪੀਆਂ ਦੇ ਬੈਟ ਅਤੇ ਇੱਟਾਂ ਦੀਆਂ ਵਿਕਟਾਂ ਬਣਾ ਬਣਾ ਕੇ ਕਰਿਕਟ ਖੇਡਦੇ ਹਨ !!!

... ... ...

ਮੈਂ ਕਿਹਾ ਜੀ, ਹਾਕੀ ਕਿੰਨੇ ਕੁ ਦੀ ਆਉਂਦੀ ਹੈ ?

—ਪਤਾ ਨਹੀਂ ।

—ਤੇ ਫੁੱਟਬਾਲ ?

—ਉਹ ਵੀ ਪਤਾ ਨਹੀਂ ।

—ਤੇ ਰੈਕਟ ?

—ਮੈਨੂੰ ਕੀ ਪਤਾ !

—ਵਾਲੀਵਾਲ ਦੀ ਹੀ ਕੀਮਤ ਦਸ ਦਿਓ ?

—ਕਿਹਾ ਨਾ ਮੈਨੂੰ ਕੋਈ ਪਤਾ ਨਹੀਂ ਕਿ ਚਿੱੜੀ-ਛਿੱਕਾ, ਗੇਂਦ-ਬੱਲਾ, ਬਾਸਕਟ ਬਾਲ ਕਿੰਨਿਆਂ ਦੇ ਆਉਂਦੇ ਹਨ !

—ਆ ਜੀ ਤੁਹਾਨੂੰ ਕਿਸੇ ਸ਼ੈਅ ਦੇ ਰੇਟ ਦਾ ਵੀ ਪਤਾ ਨਹੀਂ ?

—ਕਿਉਂ ਸਿਰ ਖਾਣ ਡਹੀ ਏਂ, ਮੈਂ ਕਦੇ ਵੀ ਕੁਝ ਖ਼ੀਦਿਆ ਨਹੀਂ !

—ਚਲੋ ਇਨ੍ਹਾਂ ਹੀ ਦਸ ਦਿਉ ਨਾ ਪਲੀਜ਼ ਕਿ ਕਿਹੜੀ ਸ਼ੈਅ ਥੋੜੀ ਸਸਤੀ ਮਿਲ ਜਾਊਗੀ, ਕਈਆਂ ਮਹੀਨਿਆਂ ਤੋਂ ਬਿੱਟੂ ਖਹਿੜੇ ਪਿਆ ਹੋਇਆ ਹੈ ਕਿ ਉਸਨੂੰ ਕੋਈ ਖੇਡ ਸ਼ੈਅ ਲੈ ਕੇ ਦਿਉ ! ਬਚਪਨ ਵਿਚ ਤਾਂ ਤੁਹਾਨੂੰ ਕਦੇ ਨਾ ਕਦੇ, ਕਿਸ ਨ ਜ਼ਰੂਰ ਕੋਈ ਖੇਡ-ਸ਼ੈਅ ਲੈ ਕੇ ਦਿਤੀ ਹੀ ਹੋਵੇਗੀ ?

—ਨਹੀਂ ! ਨਹੀਂ !! ਨਹੀਂ !!! ਮੈਂ ਤੈਨੂੰ ਪੰਜਾਹ ਵੇਰ੍ਹਾਂ ਕਹਿ ਚੁਕਾ ਹਾਂ ਕਿ ਮੈਨੂੰ ਕੁਝ ਨਹੀਂ ਪਤਾ, ਮੈਨੂੰ ਕਦੇ ਕਿਸੇ ਨੇ ਵੀ ਕੋਈ ਸ਼ੈਅ ਲੈ ਕੇ ਨਹੀਂ ਸੀ ਦਿਤੀ, ਮੇਰੇ ਬਾਪ ਨੇ ਵੀ ਨਹੀਂ, ਮੇਰੇ ਬਾਪ ਨੂੰ, ਮੇਰੇ ਬਾਪ ਦੇ ਬਾਪ ਨੇ ਵੀ ਨਹੀਂ...।

—...ਤੇ ਜਿਸ ਦੇਸ਼ ਵਿਚ ਪੀੜੀ ਦਰ ਪੀੜੀ ਨੂੰ ਵੀ ਕੁਝ ਖੇਡਣਾ ਨਸੀਬ ਨਹੀਂ ਹੈ ਹੋਇਆ ਹੁਣ ਉਸਦੇ ਨੇਤਾ ਏਸ਼ਿਆਈ ਖੇਡਾਂ ਹੀ ਨਹੀਂ ਹਨ ਕਰਵਾ ਰਹੇ ਸਗੋਂ ਉਲੰਪਿਕ ਦੀਆਂ ਵੀ ਸੋਚ... ।

... ... ...

—ਹੂੰ ! ਤੇ ਉਨ੍ਹਾਂ ਨੂੰ ਏਸ਼ਿਆਈ ਖੇਡਾਂ ਬਹੁਤ ਹੀ ਪਿਆਰੀਆਂ ਹਨ ?

—ਜੀ ਹਾਂ !

—ਪੰਜਾਬ ਨਾਲੋਂ ਵੀ ਵਧੇਰੇ ?

—ਅਸਾਮ ਨਾਲੋਂ ਵੀ ਵਧੇਰੇ ?

—ਇਸੇ ਹਜ਼ਾਰ ਕਰੋੜ ਨਾਲ ਅਗਰ ਉਹ ਥੀਨ ਡੈਮ ਅਤੇ ਰੋਪੜ ਥਰਮਲ ਪਲਾਂਟ ਬਣਾ ਦਿੰਦੇ ਤਾਂ ਉਨ੍ਹਾਂ ਦੇ ਢਿੱਡ ਵਿਚ ਕੀ ਸੂਲ ਉਠ ਆਉਂਦਾ ? ਅਕਾਲੀ-ਕਮਿਊਨਿਸਟ ਤੇ ਹੋਰ ਪੰਜਾਬੀ ਤਾਂ ਕਿਸੇ ਹੱਦ ਤੀਕ ਸ਼ਾਂਤ ਹੋ ਜਾਂਦੇ—ਕਿੰਨੇ ਸੈਂਕੜੇ ਮਸੂਮ ਜ਼ਿੰਦਗੀਆਂ ਭੰਗ ਦੇ ਭਾੜੇ...ਚਾਹੁੰਦੇ ਤਾਂ ਉਹ ਅਸਾਮ ਵਿਚ ਬੇਕਾਰੀ ਦੂਰ ਕਰਨ ਖਾਤਰ ਇਕ ਹਜ਼ਾਰ ਵੱਡੇ ਵੱਡੇ ਕਾਰਖਾਨੇ ਵੀ ਲਗਾ ਸਕਦੇ ਸਨ—ਉਥੇ ਵੀ ਸਭ ਸ਼ਾਂਤੀ ਹੋ ਜਾਂਦੀ ?

—ਪਰ ਦਿੱਲੀ ਵਿਚਲੇ ਸ਼ਹਿਨਸ਼ਾਹੀ ਹੋਟਲ ਕਿਵੇਂ ਬਣਦੇ ?

—ਪਰ ਉਨ੍ਹਾਂ ਦੀ ਲੋੜ ਹੀ ਕੀ ਸੀ ?

—ਤੇਰਾ ਮਤਲਬ ਹੈ ਲੋੜ ਹੀ ਨਹੀਂ ਸੀ ??

—ਬਿਲਕੁਲ ਨਹੀਂ ! ਇਕ ਵੀ ਦੇਸੀ-ਬਦੇਸ਼ੀ ਖਿਡਾਰੀ ਨੇ ਉਥੇ ਨਹੀਂ ਹੈ ਰਹਿਣਾ ਕਿ ਰਹਿਣਾ ਹੈ ?

—ਨਹੀਂ ਰਹਿਣਾ ! ਉਨ੍ਹਾਂ ਤਾਂ ਉਸ ਖੇਡ ਪਿੰਡ ਵਿਚ ਹੀ ਰਹਿਣਾ ਹੈ ਜਿਸਦੇ ਤਮਾਮ 700 ਘਰ ਖੇਡਾਂ ਪਿਛੋਂ, ਖ਼ੀਦਣ ਖਾਤਰ, ਲੱਖਪਤੀਆਂ ਨੇ ਪਹਿਲਾਂ ਹੀ ਪੈਸੇ ਜਮ੍ਹਾਂ ਕਰਵਾ ਦਿਤੇ ਹਨ ।

—ਫਿਰ ਉਨ੍ਹਾਂ ਹੋਟਲਾਂ ਵਿਚ ਕੌਣ ਠਹਿਰਨਗੇ ?

—ਕਰੋੜਪਤੀ ਆਪਣੀਆਂ ਪ੍ਰਾਈਵੇਟ ਸੈਕਟਰੀਆਂ ਨਾਲ, ਅਵਲ ਦਰਜਾ ਅਫਸਰ, ਖਦਰਧਾਰੀ ਲੀਡਰ ਅਤੇ ਉਨ੍ਹਾਂ ਦੇ ਦਮਾਦ, ਭਣੇਵੇਂ ਤੇ ਭਤੀਜੇ !

—ਤੇ ਹੋਰ ਕੌਣ ?

—ਕ੍ਰੋੜਪਤੀ ਬਲੈਕੀਏ ਤੇ ਅੰਤਰਰਾਸ਼ਟਰੀ ਸਮੱਗਲਰ ।

—ਪਰ ਅਸਾਂ ਤਾਂ ਸੁਣਿਆ ਹੈ ਕਿ ਉਥੇ ਬਦੇਸ਼ੀ ਠਹਿਰਨਗੇ ?

—ਪਰ ਬਦੇਸ਼ੀ ਆ ਹੀ ਕਿੰਨੇ ਕੁ ਰਹੇ ਹਨ ??

—ਇਹੋ ਕੋਈ 20-25 ਹਜ਼ਾਰ !

—ਬਸ ਐਨੇ ਕੁ ਹੀ ?

—ਤੇ ਹੋਰ ਕਿੰਨੇ ਕੁ ਆ ਜਾਣੇ ਸਨ ? ਵੱਡੇ ਤੋਂ ਵੱਡੇ ਸਟੇਡੀਅਮ ਦੀ ਜਿਥੇ ਹਾਕੀ/ਫੁੱਟਬਾਲ/ਦੌੜਾਂ ਆਦਿ ਹੋਣੀਆਂ ਹਨ—ਉਥੇ ਵਧ ਤੋਂ ਵਧ ਬੈਠ ਹੀ ਪਝੱਤਰ ਕੁ ਹਜ਼ਾਰ ਸਕਦੇ ਹਨ ?

ਤੇ ਮੁੱਠੀ ਭਰ ਬਦੇਸ਼ੀਆਂ ਦੇ ਬਹਾਨੇ ਹੀ ਹੋਟਲਾਂ ਉਪਰ ਦੋ ਅਰਬ ਫੂਕ ਦਿਤੇ ਗਏ ਹਨ ? ਐਨੇ ਕੁ ਤਾਂ ਯੂਨੀਵਰਸਿਟੀਆਂ/ਕਾਲਜਾਂ/ਗੈਸਟ ਹਾਊਸਾਂ/

ਰੈਸਟ ਹਾਊਸਾਂ ਤੇ ਮੌਜੂਦਾ ਹੋਟਲਾਂ ਵਿਚ ਵੀ ਠਹਿਰ ਸਕਦੇ ਸਨ ? ਲਾਲ ਕਿਲੇ ਦੀ ਗਰਾਊਂਡ ਵਿਚ ਸੁਹਣੀਆਂ ਸੁਹਣੀਆਂ ਵੱਡੀਆਂ ਵੱਡੀਆਂ ਸ਼ੋਲਦਾਰੀਆਂ ਵੀ ਅੱਠ ਦਸ ਦਿਨ ਖਾਤਰ ਲਾਈਆਂ ਜਾ ਸਕਦੀਆਂ ਸਨ !!

ਜ਼ਰੂਰ ਠਹਿਰ ਸਕਦੇ ਸਨ ? ਪਰ ਫਿਰ ਆਪਣੇ ਕਾਰਖਾਨੇਦਾਰ, ਲੀਡਰ ਅਤੇ ਅਫਸਰਸ਼ਾਹ, ਬਾਦ ਵਿਚ ਕਿਵੇਂ ਮੌਜ ਮੇਲੇ ਕਰਦੇ ? ਖੇਡਾਂ ਬਹਾਨੇ ਉਨ੍ਹਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਅਯਾਸ਼ੀ ਦੇ ਅੱਡੇ ਬਣਾ ਦਿਤੇ ਗਏ ਹਨ !!!

ਤੇ ਇਹ ਹੋਟਲ ਉਸ ਦੇਸ਼ ਵਿਚ ਬਣਾਏ ਗਏ ਹਨ ਜਿਥੇ 6 ਕਰੋੜ ਜੀਵ ਖੁਲੇ ਅਕਾਸ਼ ਹੇਠ ਸਾਉਂਦੇ ਹਨ ਤੇ ਬਾਕੀ 60 ਕਰੋੜ ਨੂੰ ਇਹ ਭੁਲੇਖਾ ਹੈ ਕਿ ਉਹ ਸਿਹਤਮੰਦ ਮਕਾਨਾਂ ਵਿਚ ਰਹਿੰਦੇ ਹਨ...?...

... ... ...

—ਪਰ ਇਨ੍ਹਾਂ ਖੇਡਾਂ ਬਹਾਨੇ, ਦਿੱਲੀ ਦਾ ਤਾਂ ਹੋਰ ਵੀ ਬਹੁਤ ਸੁਧਾਰ ਹੋਇਆ ਹੈ—ਲੋਕਲ ਰੇਲ-ਗੱਡੀਆਂ ਚਲਨ ਲਗ ਪਈਆਂ ਹਨ, ਸੜਕਾਂ ਬੇਹਤਰ ਹੋ ਗਈਆਂ ਹਨ, ਸੱਤ ਵੱਡੇ ਪੁਲ ਵੀ ਬਣੇ ਹਨ ?

—ਬਿਲਕੁਲ ਠੀਕ ਮੈਂ ਕਦੋਂ ਕਹਿਨਾ ਹਾਂ ਕਿ ਦਿੱਲੀ ਦਾ ਸੁਧਾਰ ਨਾ ਹੋਵੇ ਪਰ ਇਹੋ ਕੰਮ ਅਮਨ-ਅਮਾਨ ਨਾਲ ਅਗਰ ਪੰਜ ਸਾਲ ਪਹਿਲਾਂ ਸ਼ੁਰੂ ਕਰ ਦਿਤਾ ਜਾਂਦਾ ਤਾਂ ਚੌਗੁਣਾ ਖਰਚਾ ਨਾ ਆਉਂਦਾ ਜਿਵੇਂ ਹੁਣ ਆਇਆ ਹੈ ! ਅੰਨ੍ਹੇਵਾਹ ਕਰੈਸ਼ ਪ੍ਰੋਗਰਾਮ ਚਲਾਉਣ ਨਾਲ ਖਰਚਾ ਹੀ ਵਧੇਰੇ ਨਹੀਂ ਹੁੰਦਾ ਸਗੋਂ ਕੰਮ ਦਾ ਮਿਆਰ ਵੀ ਬਹੁਤ ਨੀਵਾਂ ਰਹਿ ਜਾਂਦਾ ਹੈ ! ਹੁਣ ਵੀ ਲੱਖਾਂ ਰੁਪਈਏ ਅਫਸਰਸ਼ਾਹ ਤੇ ਮਨਿਸਟਰ ਛਕ ਗਏ ਹਨ ਤੇ ਕਰੋੜਾਂ ਠੇਕੇਦਾਰ ਔਰ ਮਾਰੇ ਗਏ ਵਿਚਾਰੇ ਮਜ਼ਦੂਰ...ਅੰਤੇ ਇਹ ਸਭ ਹੋਇਆ ਹੈ—ਏਸ਼ਿਆਈ ਖੇਡਾਂ ਦੇ ਨਾਉਂ ਉਪਰ !!!

... ... ...

—ਪਰ ਰੰਗੀਨ ਟੈਲੀਵਿਜ਼ਨ ਵੀ ਤਾਂ ਆਇਆ ਹੈ ?

—ਜ਼ਰੂਰ ਆਇਆ ਹੈ ਪਰ ਖਰਚਾ ਪਤਾ ਕਿੰਨਾ ਹੋਵੇਗਾ ??

—ਇਹੋ ਹੀ ਦਸ ਹਜ਼ਾਰ !

—ਤੇ ਟੈਲੀਵਿਜ਼ਨ ਚਲੇਗਾ ਕਿੰਨਾ ਕੁ ਚਿਰ ?

—ਚਾਰ-ਪੰਜ ਸਾਲ ਤਾਂ ਟਿਊਬਾਂ ਦਾ ਕੁਝ ਵਿਗੜਦਾ ਨਹੀਂ ?

—ਸੋ ਢਾਈ ਹਜ਼ਾਰ ਸਲਾਨਾ ਖਰਚਾ ਭਾਵ ਦੋ ਸੌ ਰੁਪਏ ਮਹੀਨੇ ਦਾ !!

ਤੇ ਇਸ ਦੇਸ਼ ਵਿਚ ਉਹ ਸਭ ਵੀ ਰੰਗੀਨ ਟੈਲੀਵਿਜ਼ਨ ਲੈਣ ਜਾ ਰਹੇ ਹਨ ਜਿਹੜੇ ਡੂਢ ਸੌ ਰੁਪਏ ਮਹੀਨਾ ਦੁੱਧ ਉਪਰ ਨਹੀਂ ਹਨ ਖਰਚਦੇ !!!

... ... ...

—ਤੁਸੀਂ ਕਹਿ ਰਹੇ ਸੀ ਸਭ ਕੁਝ ਖੇਡਾਂ ਦੇ ਨਾਉਂ ਤੇ ਹੋਇਆ ਹੈ।

—ਜੀ ਹਾਂ ! ਖਿਡਾਰੀਆਂ ਨਾਲ ਕੋਝਾ ਮਜ਼ਾਕ—ਭਾਰਤੀਆਂ ਨਾਲ ਖੇਡਾਂ ਦੇ ਨਾਉਂ ਤੇ ਧੋਖਾ !!

—ਵੈਸੇ ਤੁਹਾਡੇ ਮੁਤਾਬਕ ਅਸਲ ਵਿਚ ਖਿਡਾਰੀਆਂ ਉਪਰ ਕਿੰਨਾ ਕੁ ਖਰਚਾ ਹੋਵੇਗਾ ?

ਪਾ ਲਾ ਕੇ ਕੋਈ 10 ਕਰੋੜ !

ਸਿਰਫ 10 ਕਰੋੜ !

ਜੀ ਹਾਂ ! ਕੁਲ 4000 ਤਾਂ ਖਿਡਾਰੀ ਹਨ ਤੇ ਇਕ ਖਿਡਾਰੀ ਉਪਰ 15 ਡਾਲਰ ਰੋਜ਼ਾਨਾ ਮਸਾਂ ਖਰਚ ਕਰ ਰਹੇ ਹਨ (150 ਰੁਪਏ) ਸੋ ਵੀਹਾਂ ਦਿਨਾਂ ਵਿਚ ਹੋ ਗਿਆ 300 ਡਾਲਰ ਫੀ ਖਿਡਾਰੀ ਤੇ ਕੁਲ ਬਣਿਆ ਸਵਾ ਕਰੋੜ ਰੁਪਏ !!! ਪਾ ਲਾ ਕੇ ਕੋਈ ਦਸ ਕਰੋੜ ਬਣ ਜਾਵੇਗਾ।

ਨੋਟ : ਜੰਤਾ ਰਾਜ ਦੁਰਾਨ ਇਹੋ ਬੱਜਟ ਕੁਲ 22 ਕਰੋੜ ਦਾ ਸੀ ਤੇ ਹੁਣ 1000 ਕਰੋੜ ਦਾ ਸੁਣਨ ਵਿਚ ਆ ਰਿਹਾ ਹੈ।

... ... ...

ਮੈਂ ਕਿਹਾ, ਆ ਬੱਚਿਆਂ ਦੇ ਕੱਪ ਨਹੀਂ ਦੀਹਦੇ ?

ਮੈਂ ਕਬਾੜੀਆਂ ਨੂੰ ਚੁਕਾ ਦਿਤੇ ਹਨ, ਵੀਨਾ ਦੀਆਂ ਕੰਪਾਰਟਮੈਂਟਾਂ ਦਾ ਦਾਖਲਾ ਵੀ ਤਾਂ ਤਾਰਨਾ ਸੀ ਨਾ। ਤੇਰੀ ਮਤ ਜਮਾ ਮਾਰੀ ਗਈ ਹੈ ਜੋ ਨਿਆ-ਣਿਆਂ ਦੇ ਖੇਡ-ਇਨਾਮ ਵੀ ਵੇਚ ਛੱਡੇ ਈ ?

ਕੀ ਹੋਇਆ ਜੇ ਮੈਂ ਗਿਲਟ ਦੇ ਕੱਪ ਵੇਚ ਦਿਤੇ, ਤੁਸੀਂ ਤਾਂ ਪਿਛਲੇ ਸਾਲ ਆਪਣੇ ਸੋਨੇ ਦੇ ਸਾਰੇ ਮੈਡਲ ਹੀ ਵੇਚ ਦਿਤੇ ਸੀ !

ਜੇ ਨਾ ਵੇਚਦਾ ਤੇ ਜੁਆਕਾਂ ਨੂੰ ਕੀ ਖਵਾਂਦੇ—ਫੈਕਟਰੀਆਂ ਵਿਚ ਤਾਂ ਲੇ-ਆਫ ਚਲੀ ਆ ਰਹੀ ਸੀ !

—ਭੁੱਖਾ ਤਾਂ ਮਿਹਰਦੀਨ ਵੀ ਮਰ ਹੀ ਰਿਹਾ ਹੈ ?

—ਉਏ ਮਰਨ ਨੂੰ ਉਹ ...ਸਿੰਘ ਵੀ ਭੁੱਖ ਨੰਗ ਵਿਚ ਨਹੀਂ ਸੀ ਮਰਿਆ ਜਿਹੜਾ ਡਬਲ ਉਲੰਪੀਅਨ ਦੇ ਬਾਵਜੂਦ ਯੂਨੀਵਰਸਿਟੀ ਵਿਚ ਸਾਰੀ ਉਮਰ ਚਪੜਾਸੀ ਹੀ ਰਿਹਾ ਸੀ...

—ਤੇ ਉਸ ਨੂੰ ਕਿਹੜੀ ਰੱਜ ਕੇ ਰੋਟੀ ਮਿਲਦੀ ਸੀ ਜਿਹੜਾ ਉਲੰਪੀਅਨ ਸਿਨਮੇ ਵਿਚ ਗੇਟ ਕੀਪਰ ਲੱਗਾ ਹੁੰਦਾ ਸੀ। ਮਿਲਿਆ ਨਹੀਂ ਸੀ ਆਪਾਂ ਨੂੰ ਜਦੋਂ ਆਪਾਂ ਚੋ-ਕਰੋੜੀ ਬਰਨਿੰਗ ਟਰੇਨ ਵੇਖਣ ਗਏ ਸਾਂ ? ਵਾਹ ਓ ਹਿੰਦੁਸਤਾਨ। ਕਿਥੇ ਉਲੰਪਿਕ ਖੇਡਣਾ ਤੇ ਕਿਥੇ ਗੇਟ-ਕੀਪਰੀ ਕਰਨਾ ! ਕਿਥੇ ਭੁੱਖ ਨਾਲ ਘੁਲ ਰਿਹਾ ਮਿਹਰਦੀਨ ਤੇ ਕਿਥੇ ਖੇਡਾਂ ਦੇ ਨਾਉਂ ਤੇ ਰੋੜੇ ਜਾ ਰਹੇ 10000000000...

—ਪਰ ਤੁਸੀਂ ਉਦਾਸ ਕਿਉਂ ਹੋ ?
—ਮੈਂ ਏਸ਼ੀਆ ਪੱਧਰ ਤੇ ਤਿੰਨ ਵੇਰਾਂ ਖੇਡ ਚੁਕਾ ਹਾਂ ਮਗਰ ਮੈਨੂੰ ਇਕ ਵੀ 'ਪਾਸ' ਤੀਕ ਨਹੀਂ ਹੈ ਆਇਆ ਜਦੋਂ ਕਿ ਉਮਰਾਉ ਸਿੰਘ ਹੋਰਾਂ ਦੇ ਭਤੀਜਾ ਚਾਰ ਚਾਰ ਪਾਸ ਲਈ ਫਿਰਦਾ ਹੈ !
—ਪਰ ਤੁਹਾਨੂੰ ਇਹ ਗਲਤ ਫਹਿਮੀ ਕਿਸ ਪਾ ਦਿਤੀ ਕਿ ਇਹ ਖੇਡਾਂ ਤੁਹਾਡੇ ਖਾਤਰ ਕਰਵਾਈਆਂ ਜਾ ਰਹੀਆਂ ਹਨ ?
—ਤੇ ਹੋਰ ਕਿਨ੍ਹਾਂ ਦੀ ਖਾਤਰ ਹੋ ਰਹੀਆਂ ਹਨ ?
—ਜਿਨ੍ਹਾਂ ਖਾਤਰ ਹੋਟਲ ਬਣ ਰਹੇ ਹਨ !!
—ਤੇਰਾ ਕੀ ਮਤਲਬ, ਇਹ ਖੇਡਾਂ ਸਿਰਫ ਕਰੋੜਪਤੀ ਕਾਰਖਾਨੇਦਾਰਾਂ ਤੇ ਠੇਕੇਦਾਰਾਂ, ਸੈਕਟਰੀਆਂ ਤੇ ਅੰਡਰ ਸੈਕਟਰੀਆਂ, ਕਰਨੈਲਾਂ ਤੇ ਜਨਰਲਾਂ, ਲੀਡਰਾਂ ਤੇ ਸਮਗਲਰਾਂ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਵੇਖ ਸਕੇਗਾ ?

ਨਹੀਂ ਔਸਤਨ ਪੰਜ ਕੁ ਹਜ਼ਾਰ ਖਿਡਾਰੀ ਤੇ ਦਸ ਹਜ਼ਾਰ ਡਾਕਟਰ/ਪ੍ਰੋਫੈਸਰ/ਇੰਜੀਨੀਅਰ ਤੇ ਵਕੀਲ ਵੀ ਵੇਖ ਸਕਣਗੇ, ਪਰ ਬਾਕੀ 50-55 ਹਜ਼ਾਰ ਉਹ ਹੀ ਹੋਣਗੇ... ...

—ਤਾ ਤੇਰਾ ਕੀ ਮਤਲਬ ਹੈ ਕਿ ਇਹ ਖੇਡਾਂ 10 ਫੀ ਭਾਰਤੀ ਵੀ ਆਪਣੀ ਅੱਖੀਂ ਨਹੀਂ ਵੇਖ ਸਕਣਗੇ ?
—ਬਿਲਕੁਲ ਨਹੀਂ ਵੇਖ ਸਕਣਗੇ !
—5 ਫੀ ਸਦੀ ਵੀ ਨਹੀਂ ?
—ਮੈਂ ਕਹਿੰਦਾ ਹਾਂ ਇਕ ਫੀ ਸਦੀ ਵੀ ਨਹੀਂ !
—ਅੱਧਾ ਫੀ ਸਦੀ ਵੀ ਨਹੀਂ ?
—ਅੱਧੇ ਦਾ ਅੱਧਾ ਫੀ ਸਦੀ ਵੀ ਨਹੀਂ !!! ਇਹ ਖੇਡਾਂ ਔਸਤਨ 35 ਹਜ਼ਾਰ ਲੋਕ ਹੀ ਰੋਜ਼ਾਨਾ ਅੱਖੀਂ ਵੇਖ ਸਕਣਗੇ। ਜਦ ਕਿ ਹਿੰਦੁਸਤਾਨੀਆਂ ਦਾ ਇਕ ਫੀ ਸਦੀ 70 ਲੱਖ ਬੈਠਦਾ ਅਤੇ ਇਕ ਫੀ ਸਦੀ ਦਾ ਇਕ ਫੀ ਸਦੀ 70 ਹਜ਼ਾਰ !!! ਤੇ ਭਾਵੇਂ ਇਹ ਖੇਡਾਂ ਮਜ਼ਦੂਰਾਂ—ਕਿਸਾਨਾਂ—ਮੁਲਾਜ਼ਮਾਂ—ਵਿਦਿਆਰਥੀਆਂ ਅਤੇ ਬੁਧੀਜੀਵੀਆ ਵਿਚੋਂ 99.99% ਨੂੰ ਆਪਣੇ ਅੱਖੀਂ ਵੇਖਣੀਆਂ ਨਹੀਂ ਹਨ ਨਸੀਬ ਹੋਣੀਆਂ ਪਰ ਖੁਸ਼ ਸਾਰੇ ਹੀ ਵਖਾਈ ਦੇ ਰਹੇ ਹਨ...ਖੁਸ਼ ਹੀ ਨਹੀਂ, ਬਹੁਤ ਖੁਸ਼...ਮੁਫਤੋ ਮੁਫਤ ਖੁਸ਼, ਬਸ ਖੁਸ਼ ਹੀ ਖੁਸ਼ ਤੇ ਖੁਸ਼ ਹੀ...ਬਾਰਾਂ ਦਿਨਾਂ ਵਾਲੀਆਂ ਖੇਡਾਂ ਵਲ 24 ਮਹੀਨਿਆਂ ਤੋਂ ਅੱਖਾਂ ਲਾਈ ਤੁਰੇ ਆ ਰਹੇ ਸਨ !!

... ... ...

## ਨਤੀਜਾ

ਪਰ ਇਸ ਨਾਲ ਖੇਡਾਂ ਪ੍ਰਤੀ ਉਤਸ਼ਾਹ ਤਾਂ ਵਧੇਗਾ ਖਿਡਾਰੀਆਂ ਦੀ ਗਿਣਤੀ ਵੀ ਤਾਂ ਵਧੇਗੀ। ਹੋਰ ਕਾਸੇ ਵਿਚ ਨਹੀਂ ਤਾਂ ਖੇਡਾਂ ਵਿਚ ਤਾਂ ਭਾਰਤ ਦਾ ਸਿਰ ਉੱਚਾ ਹੋਵੇਗਾ ਹੀ ਬਾਹਰਲਿਆਂ ਦੀ ਨਜ਼ਰਾਂ ਵਿਚ !!

ਇਹ ਵੀ ਗਲਤ ! ਪਹਿਲੀ ਗੱਲ ਕਿ ਦੋ ਚਾਰ ਦਿਨਾਂ ਦੀ ਹਲਾਸ਼ੇਰੀ (Momentarily Encouragement) ਨਾਲ ਖੇਡਾਂ ਦਾ ਪੱਧਰ ਉੱਚਾ ਕਦੇ ਨਹੀਂ ਹੈ ਹੁੰਦਾ ! ਅਸੀਂ ਵੀ ਦੋ ਵੇਰਾਂ ਗਰਾਊਂਡ ਵਿਚ ਗਏ ਸਾਂ। ਇਕ ਦਿਨ ਜਦ ਅਸੀਂ ਨਵੇਂ ਫਲੀਟ ਖਰੀਦੇ ਸਨ ਤੇ ਦੂਜੀ ਵੇਰਾਂ ਜਦੋਂ ਅਸਾਂ ਰੈਕਟ ਲਿਆਂਦਾ ਸੀ !! ਹਾਂ ਜਿੰਨੇ ਪੈਸੇ ਕੇਵਲ ਹੋਟਲਾਂ ਤੇ ਹੋਰ ਠੇਕੇਦਾਰਾਂ ਹੜੱਪ ਲਏ ਹਨ (ਅੰਦਾਜ਼ਨ 300 ਕਰੋੜ) ਇੰਨੀ ਮਾਇਆ ਨਾਲ ਹੀ 25,000 ਖਿਡਾਰੀਆਂ ਨੂੰ 500 ਰੁਪਏ ਮਹੀਨਾ ਪੂਰੇ ਪੰਝੀ ਸਾਲ ਲਈ ਦਿਤਾ ਜਾ ਸਕਦਾ ਸੀ !!! ਅਤੇ ਅਗਰ ਬਚਪਨ ਤੋਂ ਹੀ ਹਾਕੀ/ਸਵਿਮਿੰਗ/ਦੌੜਾਂ ਆਦਿ ਦੀ ਟ੍ਰੇਨਿੰਗ ਦਿਤੀ ਜਾਵੇ ਜਿਵੇਂ ਰੂਸ ਤੇ ਹੋਰ ਸਮਾਜਵਾਦੀ ਦੇਸ਼ਾਂ ਵਿਚ ਤਿੰਨ ਤਿੰਨ ਮਹੀਨਿਆਂ ਦੇ ਬੱਚਿਆਂ ਨੂੰ ਤੈਰਨਾ ਸਿਖਾਇਆ ਜਾਂਦਾ ਹੈ ਤਾਂ ਕੋਈ ਕਾਰਨ ਨਹੀਂ ਕਿ ਹਿੰਦੁਸਤਾਨ ਖੇਡਾਂ ਵਿਚ ਨਾਉਂ ਰੋਸ਼ਨ ਨਾ ਕਰੇ ! ਵਧੀਆ ਟਰੇਨਿੰਗ ਦੇ ਨਾਲ, ਚੰਗੀ ਖੁਰਾਕ ਵੀ ਉਨੀ ਹੀ ਜ਼ਰੂਰੀ ਹੈ ਪਰ ਸਾਡੇ ਕਾਲਜ ਪੱਧਰ ਦੇ ਖਿਡਾਰੀਆਂ ਨੂੰ ਕੁਲ 6 ਰੁਪਏ ਪ੍ਰਤੀ ਦਿਨ ਦਿੱਤੇ ਜਾਂਦੇ ਜਦੋਂ ਉਹ ਦੂਜੇ ਕਾਲਜਾਂ ਵਿਚ ਖੇਡਣ ਜਾਂਦੇ ਹਨ ! ਛੇਆਂ ਰੁਪਈਆਂ ਵਿਚ ਤਾਂ ਚੰਗੇ ਖਿਡਾਰੀ ਦਾ ਬ੍ਰੇਕਫਾਸਟ ਵੀ ਨਹੀਂ ਹੈ ਹੁੰਦਾ !!! ਕੌਮਾਂਤਰੀ ਪੱਧਰ ਤੇ ਖਿਡਾਰੀਆਂ ਦੀ ਚੋਣ ਕਰਦੇ ਵਕਤ ਵੀ ਭਾਈ ਭਤੀਜਾਵਾਦ ਭਾਰੂ ਹੋ ਜਾਂਦਾ ਹੈ ? ਕਰੋੜਾਂ ਰੁਪਈਏ 'ਅੰਨ੍ਹੇਵਾਹ' ਖਰਚਣ ਨਾਲ ਕਦੇ ਵੀ ਖੇਡ ਪੱਧਰ ਉੱਚਾ ਨਹੀਂ ਹੋਵੇਗਾ।

ਤਾਂ ਕੀ ਮਤਲਬ ਅਸੀਂ ਏਸ਼ਿਆਈ ਖੇਡਾਂ ਵਿਚ ਫਸਟ ਨਹੀਂ ਆਵਾਂਗੇ ?

ਫਸਟ, ਸੈਕੰਡ ਤਾਂ ਕਿਤੇ ਰਹੇ ਅਗਰ ਤੁਸੀਂ ਪੰਜਵੇਂ ਛੇਵੇਂ ਨੰਬਰ ਤੇ ਵੀ ਆ ਜਾਉ ਤਾਂ ਲੱਖ ਲੱਖ ਸ਼ੁਕਰ ਕਰਨਾ ! ਵੈਸੇ ਉਲੰਪਿਕ ਵਿਚ ਤੁਹਾਡਾ ਪੰਜਾਵਾਂ (Fiftith) ਨੰਬਰ ਵੀ ਨਹੀਂ ਆ ਸਕੇਗਾ।

ਲੈ ਤੈਨੂੰ ਫਿਰ ਪਤਾ ਹੀ ਨਹੀਂ, ਸਾਡੇ ਕੋਲ ਮਿਲਖਾ ਸਿੰਘ ਵਰਗੇ 'ਫਲਾਇੰਗ ਸਿੱਖ' ਖਿਡਾਰੀ ਵੀ ਹਨ ਜਿਨ੍ਹਾਂ ਦੁਨੀਆਂ ਵਿਚ ਭਾਰਤ ਦਾ ਸਿਰ ਉੱਚਾ ਕੀਤਾ ਹੈ ?

ਪਰ ਜਿਨ੍ਹਾਂ ਭਾਰਤ ਦਾ ਸਿਰ ਐਨਾ ਉੱਚਾ ਕੀਤਾ ਹੈ ਉਨ੍ਹਾਂ ਨੂੰ ਪੁੱਛਦਾ ਕੌਣ ਹੈ ?

ਇਹ ਤੂੰ ਕਿਸ ਅਥਾਰਿਟੀ ਨਾਲ ਕਹਿ ਸਕਦਾ ਹੈਂ ? ਤੈਨੂੰ ਕਿਸ ਦਸਿਆ ਹੈ ਕਿ ਮਿਲਖਾ ਸਿੰਘ

ਵਰਗਿਆਂ ਨੂੰ ਵੀ ਕੋਈ ਨਹੀਂ ਹੈ ਪੁੱਛਦਾ ??

ਤੈਨੂੰ ਇਸ ਚੀਜ਼ ਨਾਲ ਕੀ ਮਤਲਬ ਇਸ ਗੱਲ ਨਾਲ ਮੈਨੂੰ ਭਾਵੇਂ ਕਿਸੇ ਵੀ ਦਸਿਆ ਹੋਵੇ ?

—ਨਹੀਂ ਤੂੰ ਐਵੇਂ ਹੀ ਸਰਕਾਰ ਨੂੰ ਬਦਨਾਮ ਕਰਨ ਤੇ ਤੁਲਿਆ ਹੋਇਆ ਹੈਂ ?

—ਜੇ ਜ਼ਰੂਰ ਹੀ ਪੁੱਛਦਾ ਹੈਂ ਤੇ ਸੁਣ ਲੈ, ਮੈਨੂੰ ਇਹ ਗੱਲ ਖੁਦ ਮਿਲਖਾ ਸਿੰਘ ਨੇ ਹੀ ਦਸੀ ਸੀ ਕੁਲੂ ਵਿਖੇ, ਜਿਥੇ ਇਨ੍ਹਾਂ ਗਰਮੀਆਂ ਵਿਚ ਅਸੀਂ ਸਬੱਬ ਨਾਲ ਇਕੱਠੇ ਹੋਏ ਸਾਂ—ਉਹ ਪੇਂਡੂ ਬੱਚਿਆਂ ਦੇ ਕੈਂਪ ਦਾ ਮੁਆਇਨਾ ਕਰਨ ਆਏ ਸਨ ਤੇ ਮੈਂ ਇੰਜੀਨੀਰਿੰਗ ਕਾਲਜ ਦੇ ਵਿਦਿਆਰਥੀਆਂ ਨੂੰ ਸਰਵੇ ਕੈਂਪ ਤੇ ਲੈ ਕੇ ਗਿਆ ਸਾਂ ! ਹੁਣ ਆ ਗਿਆ ਤੈਨੂੰ ਯਕੀਨ ?

—ਪਰ ਉਹ 200-ਮੈਂਬਰੀ ਏਸ਼ਿਆਈ-ਖੇਡਾਂ ਕਮੇਟੀ ਦਾ ਮੈਂਬਰ ਤਾਂ ਹੈ ?

—ਮਗਰ 200 ਮੈਂਬਰੀ ਕਮੇਟੀ ਵਿਚ 'ਸਵਾ ਲੱਖ' ਨੂੰ ਕੌਣ ਪੁਛਦਾ ਹੈ ? ਨਾਲੇ ਜਿਹੜੇ ਬੂਟਾ ਸਿੰਘ ਹੋਰੀਂ ਪ੍ਰਧਾਨ ਬਣਾਏ ਗਏ ਹਨ, ਉਨ੍ਹਾਂ ਕਿੰਨੇ ਕੁ ਗੋਲਡ ਮੈਡਲ ਜਿਤੇ ਹਨ ??

—ਪਰ ਸਾਡੇ ਕੋਲ ਵਲਡ ਪੱਧਰ ਦੀਆਂ ਐਨ. ਆਈ. ਐਸ. ਪਟਿਆਲਾ ਵਰਗੀਆਂ ਮਹਾਨ ਖੇਡ ਸੰਸਥਾਵਾਂ ਵੀ ਤਾਂ ਹਨ ?

—ਜ਼ਰੂਰ ਹਨ ਮਗਰ ਡਰੈਕਟਰ ਉਥੇ ਵੀ 'ਅਨੰਦ ਸਾਹਿਬ' ਹੀ ਹਨ ?

ਕਿਹੜੇ ਅਨੰਦ ਸਾਹਿਬ ?

—ਜਿਹੜੇ ਪਹਿਲਾਂ ਦਿੱਲੀ ਦੇ ਪਾਸਪੋਰਟ ਦਫਤਰ ਵਿਚ ਹੈਡ ਕਲੱਰਕ ਲਗੇ ਹੋਏ ਸਨ ?

—ਹੈਡ ਕਲੱਰਕ ਨਹੀਂ ਸੁਪਰਡੈਂਟ !

ਚਲ ਸੁਪਰਡੈਂਟ ਹੀ ਸਹੀ, ਕਲੱਰਕਾਂ ਦੇ ਹੈਡ ਹੋਣਾ ਤੇ ਖੇਡ-ਯੂਨੀਵਰਸਿਟੀ ਦੇ ਹੈਡ ਹੋਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ ?

—ਤੁਹਾਡਾ ਕੀ ਮਤਲਬ ਹੈ ਅਨੰਦ ਸਾਹਿਬ ਨੂੰ ਉੱਕਾ ਹੀ ਖੇਡਾਂ ਬਾਬਤ ਪਤਾ ਨਹੀਂ ? ਬਚਪਨ ਵਿਚ ਸ਼ਾਇਦ ਕਦੇ ਗੁਲੀ ਡੰਡਾ ਖੇਡਿਆ ਹੋਵੇ ???

... ... ...

—ਤਾਂ ਤੁਹਾਡਾ ਮਤਲਬ ਹੈ ਕਿ ਸਾਨੂੰ ਏਸ਼ਿਆਈ ਖੇਡਾਂ ਨਹੀਂ ਸੀ ਕਰਵਾਉਣੀਆਂ ਚਾਹੀਦੀਆਂ ?

—ਬਿਲਕੁਲ ਨਹੀਂ !!! ਏਸ਼ਿਆਈ ਖੇਡਾਂ ਇੰਦਰਾ ਗਾਂਧੀ ਦੀ ਮਹਾਨ ਭੁੱਲ ਹੈ—ਜੰਤਾ ਨਾਲ ਕੋਝਾ ਮਖੌਲ ਹੈ, ਪਬਲਿਕ ਫੰਡਾਂ ਦੀ ਅਤੀ ਦੁਰਵਰਤੋਂ ਹੈ !!!

—ਪਰ ਇਸਨੂੰ ਜੰਤਾ-ਪਾਰਟੀ ਨੇ 1978 ਵਿਚ ਕਰਵਾਉਣਾ ਮੰਨਿਆ ਸੀ ।

—ਇੰਦਰਾ ਵੀ ਤਾਂ 1979 ਵਿਚ ਗੱਦੀ ਤੇ ਬੈਠ ਗਈ ਸੀ, ਇਹ ਜਵਾਬ ਦੇ ਦਿੰਦੀ !

—ਪਰ ਇਸ ਤਰ੍ਹਾਂ ਬੇਇਜ਼ਤੀ ਹੋਣੀ ਸੀ !

—ਅਸਮਰਥਾ ਜ਼ਾਹਿਰ ਕਰਨ ਵਿਚ ਕੋਈ ਬੇਇਜ਼ਤੀ ਨਹੀਂ ਸੀ ਹੋਣੀ ! ਪਾਕਿਸਤਾਨ ਨੇ ਵੀ ਤਾਂ 1976 ਵਿਚ ਪਿਛਲੇਰੀ ਵੇਰ੍ਹਾਂ ਅਖੀਰ ਤੇ ਜਾ ਕੇ ਹੱਥ ਖੜੇ ਕਰ ਦਿਤੇ ਸਨ ਤੇ ਖੇਡਾਂ ਫਿਰ ਬੈਂਕਾਕ ਵਿਚ ਹੋਈਆਂ ਸਨ !

—ਪਰ ਰੂਸ ਅਮ੍ਰੀਕਾ ਤਾਂ ਉਲੰਪਿਕ ਤੀਕ ਕਰਵਾਉਂਦੇ ਹਨ ! ਜ਼ਰੂਰੀ ਨਹੀਂ ਜੋ ਕੰਮ ਅਮ੍ਰੀਕਾ, ਰੂਸ, ਫਰਾਂਸ ਜਾਂ ਇੰਗਲੈਂਡ ਕਰਦਾ ਹੈ, ਅਸੀਂ ਵੀ ਕਰੀਏ !

—ਕੀ ਮਤਲਬ ? ਜੇ ਅਮ੍ਰੀਕਾ ਐਟਮ ਬੰਬ ਬਣਾਏ ਤਾਂ ਅਸੀਂ ਨਾ ਬਣਾਈਏ ?

—ਨਹੀਂ ਤੁਸੀਂ ਵੀ ਜ਼ਰੂਰ ਬਣਾਉ ਭਾਵੇਂ ਐਧਰੋਂ ਉਧਰੋਂ ਟੈਕਨੋਲੋਜੀ ਉਧਾਰੀ ਮੰਗ ਕੇ ਹੀ ਬਣਾਉ ਜਾਂ ਕਰਜ਼ਾ ਚੁਕ ਕੇ ! ਤੇ ਚਾਲੀ ਸਾਲਾਂ ਵਿਚ ਇਕ ਬੰਬ ਬਣਾ ਕੇ ਮੁੜ ਅਮ੍ਰੀਕਾ ਨੂੰ ਬਤੌਰ 'ਗਿਫਟ' ਦੇ ਦੇਣਾ ਤੇ ਕਹਿਣਾ, ਲਉ ਰੀਗਨ ਸਾਹਿਬ ਜਿਥੇ ਤੁਸੀਂ ਆਪਣੇ 10,000 ਬੰਬ ਰਖੇ ਹਨ, 'ਇਕ' ਸਾਡਾ ਵੀ ਉਥੇ ਹੀ ਰੱਖ ਛਡੋ, ਕਿਤੇ 'ਜ਼ੀਆ' ਚੋਰੀ ਨਾ ਕਰਕੇ ਲੈ ਜਾਵੇ !!

—ਪਰ ਪਾਕਿਸਤਾਨ ਵੀ ਤਾਂ ਬੰਬ ਬਣਾ ਰਿਹਾ ਹੈ !

—ਉਸਨੂੰ ਬਨਾਉਣ ਦਿਉ ਸ਼ੁਰਲੀਆਂ ! ਵੈਸੇ ਸਾਨੂੰ ਹਮੇਸ਼ਾਂ ਉਸਨੂੰ ਸ਼ਾਂਤੀ ਸਮਝੌਤੇ ਵਲ ਹੀ ਪ੍ਰੇਰਨਾ ਚਾਹੀਦਾ ਹੈ (NO-WAR PACT FOR 20 YEARS)

ਵੈਸੇ ਜਾਣਦੇ ਹੋ ਜਦੋਂ ਅਸੀਂ ਸ਼ਾਂਤੀ ਪੂਰਵਕ ਬੰਬ ਧਮਾਕਾ (ਪਾਕਿਸਤਾਨ ਦੇ ਬਾਡਰ ਲਾਗੇ) ਪੋਖਰਾਨ ਵਿਖੇ ਕੀਤਾ ਸੀ ਤਾਂ ਭੁੱਟੋ ਨੇ ਕੀ ਕਿਹਾ ਸੀ ?

ਕੀ ਕਿਹਾ ਸੀ ??

ਉਸ ਕਿਹਾ ਸੀ,

**ਅਸੀਂ ਵੀ ਐਟਮ ਬੰਬ ਬਣਾਵਾਂਗੇ, ਚਾਹੇ ਸਾਨੂੰ ਹਿੰਦੁਸਤਾਨੀਆਂ ਵਾਂਗੂ ਇਕ ਵੇਲੇ ਦੀ ਜਗ੍ਹਾ ਭਾਵੇਂ ਦੋਵੇਂ ਵੇਲੇ ਹੀ ਘਾਸ ਨਾ ਖਾਣੀ ਪਵੇ ।**

...ਤੇ ਮੌਜੂਦਾ ਏਸ਼ਿਆਈ ਖੇਡਾਂ ਉਪਰ ਲਿਖੀ ਇਹ ਵਾਰਤਾ, ਮੈਂ ਮਿਸਟਰ ਭੁੱਟੋ ਦੇ ਉਪਰਲੇ ਵਾਕ ਅੰਦਰ ਛੁਪੀ ਫਿਲਾਸਫੀ ਨੂੰ ਸਮਰਪਿਤ ਕਰਦਾ ਹੋਇਆ ਤਮਾਮ ਅਗਾਂਹ ਵਧੂ ਪਾਠਕਾਂ, ਲੇਖਕਾਂ, ਬੁਧੀਜੀਵੀਆਂ, ਵਿਦਿਆਰਥੀਆਂ, ਮੁਲਾਜ਼ਮਾਂ ਤੇ ਹੋਰ ਜਾਗ੍ਰਿਤ ਹਿੰਦੁਸਤਾਨੀਆਂ ਨੂੰ ਬੇਨਤੀ ਕਰਾਂਗਾ ਕਿ ਮੁਲਕ ਵਿਚ ਜੋ ਵੀ ਚੰਗਾ ਹੁੰਦਾ ਹੈ (ਅਗਰ ਕੁਝ ਹੁੰਦਾ ਹੈ...) ਤਾਂ ਜ਼ਰੂਰ ਬਰ ਜ਼ਰੂਰ ਉਸਦੀ ਤਾਰੀਫ ਕਰਨ ਮਗਰ ਜੋ ਕੁਝ ਐਂਟੀ-ਪੀਪਲ ਹੋਵੇ, ਉਸਦਾ ਪੁਰਜ਼ੋਰ ਸ਼ਬਦਾਂ ਰਾਹੀਂ, ਬਹਿਸਾਂ ਤੇ ਪੰਫਲਿਟਾਂ ਰਾਹੀਂ, ਡੈਮੋਂਸਟ੍ਰੇਸ਼ਨਾਂ ਤੇ ਧਰਨਿਆਂ ਰਾਹੀਆਂ ਡਟਵਾਂ ਵਿਰੋਧ ਕਰਨ ! ਸਿਰਫ ਤਮਾਸ਼ਬੀਨ ਹੀ ਨਾ ਬਣੇ ਰਹਿਣ, ਸਿਰਫ ਤਮਾਸ਼ਬੀਨ...ਵਰਨਾਂ ਇਸ਼ੂ ਚਾਹੇ ਖਾਲਿਸਤਾਨ ਦਾ ਹੋਵੇ ਜਾਂ ਬੰਗਲਾਦੇਸ਼ੀਆਂ ਦਾ (ਅਸਾਮ)... ਨਿਊਟਰੋਨ ਬੰਬ ਦਾ ਹੋਵੇ ਜਾਂ ਕੰਪਿਊਟਰ ਟੈਕਨੋਲੋਜੀ ਖ੍ਰੀਦਣ ਦਾ...ਗੱਡੀਆਂ ਵਿਚੋਂ ਫਸਟ ਕਲਾਸ ਉਡਾਣ ਦਾ ਹੋਵੇ ਜਾਂ ਥੀਨ ਡੈਮ ਦਾ ਐਕਸੀਡੈਂਟਾਂ ਦਾ ਹੋਵੇ ਜਾਂ ਕਾਲੇ ਧਨ ਦਾ, ਗੁੰਡਾਗਰਦੀ ਦਾ ਹੋਵੇ ਜਾਂ ਕੁਣਬਾਪਰਵਰੀ ਦਾ, ਚੋਰ ਬਜ਼ਾਰੀ ਦਾ ਹੋਵੇ ਜਾਂ ਬਲਾਤਕਾਰੀ ਦਾ...ਜਾਂ ਏਸ਼ਿਆਈ ਖੇਡਾਂ ਦੇ ਨਾਉਂ ਤੇ ਅਯਾਸ਼ੀ-ਅੱਡਿਆਂ ਦਾ...ਦੇਸ਼ ਦੇ ਹਾਲ, ਬੱਦ ਤੋਂ ਬੱਦਤਰ ਹੀ ਹੁੰਦੇ ਤੁਰੇ ਜਾਣਗੇ...ਬੱਦਤਰ ਤੋਂ ਬੱਦਤਰ...

ਹਿੰਦੀ ਕਹਾਣੀ :

# ਪੰਜਵੀਂ ਡੱਬੀ

ਮੂਲ ਲੇਖਕ—ਅਸ਼ੋਕ ਸ਼ੁਕਲ
ਅਨੁ :—ਰਾਜਿੰਦਰ ਬਿਮਲ

ਸ਼ੈਤਾਨ ਨੇ ਪੁਛਿਆ, "ਬੋਲ ਭਾਈ ਕੌਣ ਏਂ ਤੂੰ, ਕਾਜ਼ੀ ਕਿ ਕੋਤਵਾਲ ?

ਉਹਨੇ ਜੁਆਬ ਦਿੱਤਾ, "ਸੂਕਾਰ ਨਾ ਮੈਂ ਕਾਜ਼ੀ ਨਾ ਕੋਤਵਾਲ, ਨਾਮ ਏਂ ਮੇਰਾ ਕਲੂਆ, ਜ਼ਾਤ ਮੇਰੀ ਪ੍ਰੇਤ। ਤੁਹਾਡਾ ਹੀ ਬੰਦਾ ਹਾਂ ਸ਼ਮਸ਼ਾਨ-ਘਾਟ 'ਚ ਰਹਿੰਦਾ ਹਾਂ।"

ਆਪਣੇ ਬੰਦਿਆਂ ਨੂੰ ਵੇਖ ਕੇ ਭਲਾ ਕੌਣ ਨਹੀਂ ਮੁਸਕਰਾਉਂਦਾ ਸ਼ੈਤਾਨ ਮੁਸਕਰਾਇਆ ਜਿਵੇਂ ਟਿਊਬ-ਲਾਈਟ ਜਗੀ ਹੋਵੇ ! "ਏ ਮੇਰੇ ਬੰਦੇ ਕਲੂਏ ਪ੍ਰੇਤ ! ਇਹੋ ਜਿਹੀ ਕਿਹੜੀ ਮੁਸੀਬਤ ਤੇਰੇ 'ਤੇ ਆਣ ਪਈ ਕਿ ਸੱਤਰ ਸਾਲ ਤੋਂ ਐਨ ਸ਼ਮਸ਼ਾਨ ਦੇ ਵਿਚਕਾਰ ਇਕੋ ਟੰਗ 'ਤੇ ਖੜਾ ਬੱਸ ਮੇਰਾ ਹੀ ਨਾਮ ਧਿਆਈ ਜਾਨਾ ਏਂ। ਤੇਰੇ ਰੋਮ ਰੋਮ 'ਚੋਂ 'ਜੈ ਸ਼ੈਤਾਨ, ਜੈ ਸ਼ੈਤਾਨ' ਹੀ ਨਿਕਲ ਰਿਹਾ ਹੈ। ਆਖ਼ਿਰ ਹੋਰ ਵੀ ਤਾਂ ਬਹੁਤ ਸਾਰੇ ਦੇਵਤੇ ਪਏ ਨੇ ਦੁਨੀਆਂ 'ਚ। ਤੂੰ ਸਾਰਿਆਂ ਨੂੰ ਛੱਡ ਕੇ ਮੇਰੇ 'ਤੇ ਏਨਾ ਯਕੀਨ ਕਿਉਂ ਬੰਨ੍ਹੀ ਬੈਠਾ ਏਂ ? ਆਖ਼ਿਰ ਚਾਹੁੰਨਾ ਕੀ ਏਂ ?"

ਕਲੂਏ ਨੇ ਸ਼ੈਤਾਨ ਦੇ ਦੋਵੇਂ ਪੈਰ ਘੁੱਟ ਕੇ ਫੜ ਲਏ, ਪੈਰਾਂ ਤੇ ਮੱਥਾ ਰਗੜਦਾ, ਹੰਝੂ ਪੂੰਝਦਾ ਬੋਲਿਆ, "ਦੁਹਾਈ ਹੈ ਸੂਕਾਰ ਦੀ ਜੋ ਸਭ ਕੁਝ ਜਾਣਦੇ ਹੋਏ ਵੀ ਬੰਦੇ ਦੇ ਮੂੰਹੋਂ ਸੁਣਨਾ ਚਾਹੁੰਦੇ ਹੋ ! ਵਰਨਾ ਏ-ਪਾਕ-ਸ਼ੈਤਾਨ ਤੁਸੀਂ ਕੀ ਖ਼ੁਦ ਨਹੀਂ ਜਾਣਦੇ ਕਿ ਟਕੇ ਟਕੇ ਦੇ ਆਦਮੀ ਤਾਂ ਦੇਵਤਾ ਬਣੇ ਬੈਠੇ ਨੇ, ਲੈਂਦੇ ਮਣਾਂ-ਮੂੰਹੀਂ, ਦਿੰਦੇ ਛਟਾਕੀਂ। ਜ਼ਮਾਨਤ ਕਰਾਉਣ ਤੱਕ ਦੋ ਚਾਰ ਹਜ਼ਾਰ ਦੀ ਪੂਜਾ ਖਾ ਜਾਂਦੇ ਨੇ। ਬਿਨਾਂ ਪੂਜਾ ਖਾਧਿਆ ਡੱਕਾ ਵੀ ਨਹੀਂ ਤੋੜਦੇ। ਕੰਮ ਵੀ ਪੱਕਾ ਨਹੀਂ ਕਰਦੇ। ਪੂਜਾ ਕਰਾਕੇ ਬਦਲੀ ਤਾਂ ਕਰਵਾ ਦਿੱਤੀ, ਪਰ ਕੈਂਸਿਲ ਨਹੀਂ ਹੋਵੇਗੀ ਇਸ ਦੀ ਕੋਈ ਗਰੰਟੀ ਨਹੀਂ। ਇਹੋ-ਜਿਹੇ ਦੇਵਤੇ ਨੂੰ ਜੋ ਪੂਜੇ ਉਹ ਅੰਨ੍ਹਾ ! ਤੁਹਾਡੇ 'ਤੇ ਪੱਕਾ ਯਕੀਨ ਇਸ ਲਈ ਕਿ ਮੈਂ ਤਾਂ ਅਖੀਰ ਤੱਕ ਜਿੱਤ ਤੁਹਾਡੀ ਹੀ ਹੁੰਦੀ ਦੇਖੀ ਹੈ। ਜਿਹਨੇ ਸੱਚੇ ਮਨ ਨਾਲ ਤੁਹਾਨੂੰ ਅਪਣਾਇਆ, ਤੇ ਜੋ ਈਮਾਨਦਾਰੀ ਨਾਲ ਤੁਹਾਡੇ ਰਸਤੇ 'ਤੇ ਚੱਲਿਆ ਉਹਦੀ ਪੌਂ ਬਾਰਾਂ ! ਇਸੇ ਲਈ ਸੱਤਰ ਸਾਲਾਂ ਤੋਂ ਮਸਾਣਾ ਵਿਚ ਇਕੋ ਟੰਗ 'ਤੇ ਖੜਾ ਤੁਹਾਡਾ ਨਾਂ ਜਪ ਰਿਹਾ ਹਾਂ। ਇਸ ਸੱਚੇ ਸੇਵਕ ਨੂੰ ਇਕ ਵਰ ਦਿਉ !"

ਜੇ ਲੋਹਾ ਇਸਪਾਤ ਹੋਵੇ ਕਟ-ਜਾਵੇ, ਜਾਦੂ ਟੂਣਾ ਹੋਵੇ ਤਾਂ ਕੱਟ ਜਾਵੇ, ਨਿਯਮ ਕਾਨੂੰਨ ਹੋਵੇ ਤਾਂ ਕਟ ਜਾਵੇ, ਪਰ ਸੱਤਰ ਸਾਲ ਦੀ ਇਕੋ ਟੰਗ 'ਤੇ ਤਪੱਸਿਆ ਕਰ ਰਹੇ ਸੱਚੇ ਬੰਦੇ ਦੀ ਗਲ ਭਲਾ ਕਿਵੇਂ ਟਾਲੀ ਜਾਵੇ !

"ਹੱਛਾ ਤਾਂ ਮੰਗ ਲੈ।" ਸ਼ੈਤਾਨ ਬੋਲਿਆ।

ਕਲੂਏ ਨੇ ਮੰਗਿਆ, "ਹੇ ਪਾਕ-ਸ਼ੈਤਾਨ ਮੈਨੂੰ ਇਹੋ ਜਿਹੀ ਤਰਕੀਬ ਦੱਸ, ਜਿਸ ਨਾਲ ਮੈਂ ਰਹਿੰਦੀ ਦੁਨੀਆਂ ਤੱਕ ਹਕੂਮਤ ਕਰ ਸਕਾਂ।"

ਸ਼ੈਤਾਨ ਗੰਭੀਰ ਹੁੰਦਾ ਬੋਲਿਆ, "ਤੂੰ ਬੜੀ ਵੱਡੀ ਚੀਜ਼ ਮੰਗ ਲਈ ਏ ਕਲੂਏ ਪ੍ਰੇਤ ! ਇੱਕ ਵਰਦਾਨ ਨਾਲ ਸਦਾ ਹਕੂਮਤ ਨਹੀਂ ਕੀਤੀ ਜਾ ਸਕਦੀ; ਇਸ ਲਈ ਮੈਂ ਤੈਨੂੰ ਪੰਜ ਡੱਬੀਆਂ ਦਿੰਦਾ ਹਾਂ। ਇਨ੍ਹਾਂ ਨੂੰ ਲੈ ਜਾਹ ! ਇਹ ਤੈਨੂੰ ਰਹਿੰਦੀ ਦੁਨੀਆਂ ਤੱਕ ਹਕੂਮਤ ਦੇਣਗੀਆਂ।"

ਤੋਪ ਭਾਵੇਂ ਸੌ ਟਨ ਦੀ ਹੋਵੇ, ਪਰ ਨਿਸ਼ਾਨਚੀ ਨਾ ਹੋਵੇ ਤਾਂ ਕਿਸ ਕੰਮ ! ਡੱਬੀਆਂ ਹੋਣ ਹਕੂਮਤ ਕਰਨ ਵਾਲੀਆਂ; ਪਰ ਖੋਲ੍ਹਣ ਨਾ ਜਾਣ ਵਾਲੇ ਦੇ ਕਿਸ ਕੰਮ ! ਇਸ ਲਈ ਕਲੂਏ ਨੇ ਮੂੰਹ ਬਣਾ ਕੇ ਪੁਛਿਆ, "ਇਨ੍ਹਾਂ ਡੱਬੀਆਂ ਨੂੰ ਮੈਂ ਕੀ ਕਰਾਂਗਾ ਸੂਕਾਰ ?"

ਸ਼ੈਤਾਨ ਨੇ ਸਮਝਾਇਆ," ਇਨ੍ਹਾਂ ਡੱਬੀਆਂ ਵਿੱਚ ਦੁਨੀਆਂ ਦੀ ਹਕੂਮਤ ਬੰਦ ਹੈ। ਸਭ ਤੋਂ ਪਹਿਲਾਂ ਤੂੰ ਪਹਿਲੀ ਡੱਬੀ ਨੂੰ ਲਵੀਂ ਤੇ ਕਿਸੇ ਬੇਕਸੂਰ ਮਾਰੇ ਗਏ ਮੁਰਦੇ ਦੇ ਮੂੰਹ ਵਿੱਚ ਰੱਖ ਕੇ ਤੇਰਾਂ ਦਿਨ ਤੇ ਤੇਰਾਂ ਰਾਤ ਮੇਰਾ ਨਾਂ ਜਪੀਂ। ਚੌਧਵੇਂ ਦਿਨ ਡੱਬੀ ਖੋਲ੍ਹ ਲਵੀਂ ਉਹਦੇ ਜਾਦੂ ਨਾਲ ਸਾਰੀ ਦੁਨੀਆਂ ਦੀ ਹਕੂਮਤ ਤੇਰੇ ਪੈਰਾਂ 'ਚ ਆ ਜਾਏਗੀ। ਕਿਆਮਤ ਤੱਕ ਤੇਰੀ ਹਕੂਮਤ ਨੂੰ ਡੇਗਣ ਵਾਲਾ ਕੋਈ ਨਹੀਂ ਹੋਵੇਗਾ; ਪਰ ਜੇ ਪੂਜਾ ਦੀ ਵਿਧੀ-ਵਿਧਾਨ ਵਿੱਚ ਕੋਈ ਕਸਰ ਰਹਿ ਗਈ ਤਾਂ ਸੌ ਸਾਲ ਬਾਅਦ ਡੱਬੀ ਬੇਅਸਰ ਹੋ ਜਾਵੇਗੀ।"

... ... ...

ਹੁਣ ਪੂਜਾ ਦੀਆਂ ਹਜ਼ਾਰ ਵਿਧੀਆਂ, ਸੌ ਝੰਝਟ ! ਪੂਜਾ ਵਿੱਚ ਘਿਉ ਗੁੜ ਚੜ੍ਹੇ ! ਚੰਦਨ-ਧੂਫ਼ ਚੜ੍ਹੇ ! ਠੰਢੇ ਚੜ੍ਹੇ, ਗਰਮ ਚੜ੍ਹੇ ! ਕਲੂਆ ਘਬਰਾਇਆ ਕਿ ਜੇ ਪੂਜਾ ਵਿੱਚ ਕੋਈ ਕਸਰ ਰਹਿ ਗਈ ਤਾਂ ਸੌ ਸਾਲ ਬਾਅਦ ਹਕੂਮਤ ਹੱਥੋਂ ਜਾਵੇਗੀ ! ਉਹਨੇ ਸ਼ੈਤਾਨ ਤੋਂ ਉਪਾਅ ਪੁਛਿਆ।

ਸ਼ੈਤਾਨ ਨੇ ਦੱਸਿਆ, "ਪਹਿਲੀ ਡੱਬੀ ਬੇਅਸਰ ਹੋ ਜਾਵੇ ਤਾਂ ਤੇਰਾਂ ਦਿਨ, ਤੇਰਾਂ ਰਾਤਾਂ ਬਾਅਦ ਦੂਜੀ ਡੱਬੀ ਖੋਲ੍ਹ ਲਵੀਂ। ਉਹਦੇ ਜਾਦੂ ਨਾਲ ਕਿਆਮਤ ਤੱਕ ਤੇਰੀ ਹਕੂਮਤ ਰਵ੍ਹੇਗੀ। ਪਰ ਜੇ ਪੂਜਾ ਵਿੱਚ ਕੋਈ ਕਸਰ ਫਿਰ ਰਹਿ ਗਈ ਤਾਂ ਸੌ ਸਾਲ ਬਾਅਦ ਦੂਜੀ ਡੱਬੀ ਵੀ ਬੇਅਸਰ ਹੋ ਜਾਵੇਗੀ। ਫਿਰ ਪੂਜਾ ਕਰ ਕੇ ਚੌਧਵੇਂ

ਦਿਨ ਤੀਜੀ ਡੱਬੀ ਖੋਲ੍ਹ ਲਵੀਂ । ਜੇ ਸੌ ਸਾਲ ਬਾਅਦ ਤੀਜੀ ਡੱਬੀ ਵੀ ਬੇਅਸਰ ਹੋ ਜਾਵੇ ਤਾਂ ਪੂਜਾ ਕਰ ਕੇ ਚੌਥੀ ਡੱਬੀ ਖੋਲ੍ਹ ਲਵੀਂ;ਪਰ ਵੇਖ ਚੌਥੀ ਡੱਬੀ ਨੂੰ ਬੇਅਸਰ ਨਾ ਹੋਣ ਦੇਵੀਂ ।"

"ਤੇ ਜੇ ਪੂਜਾ ਵਿਚ ਕਸਰ ਰਹਿਣ ਦੀ ਵਜ੍ਹਾ ਨਾਲ ਸੌ ਸਾਲ ਬਾਅਦ ਚੌਥੀ ਡੱਬੀ ਵੀ ਬੇਅਸਰ ਹੋ ਗਈ ਤਾਂ ?"

"ਤਾਂ ਫਿਰ ਮਜ਼ਬੂਰੀ ਹੈ । ਜੇ ਚੌਥੀ ਡੱਬੀ ਬੇਅਸਰ ਹੋ ਗਈ ਤਾਂ ਪੰਜਵੀਂ ਡੱਬੀ ਆਪਣੇ-ਆਪ ਖੁਲ੍ਹ ਜਾਵੇਗੀ । ਉਹਨੂੰ ਨਾ ਤੂੰ ਰੋਕ ਸਕਦਾ ਏਂ ਨਾ ਮੈਂ । ਇਸ ਲਈ ਜੇ ਖੈਰ ਚਾਹੁੰਨਾ ਏਂ ਤਾਂ ਪੰਜਵੀਂ ਡੱਬੀ ਨੂੰ ਖੁਲ੍ਹਣ ਦਾ ਮੌਕਾ ਨਾ ਦੇਵੀਂ । ਖੁਲ੍ਹ ਗਈ ਤਾਂ ਤੇਰੀ ਕੀ ਕਿਸੇ ਦੀ ਵੀ ਕੋਈ ਹਕੂਮਤ ਨਹੀਂ ਬੱਚ ਸਕੇਗੀ । ਇਸ ਲਈ ਇਹਨੂੰ ਬਚਾਈਂ ।"

ਏਨਾ ਕਹਿ ਕੇ ਸ਼ੈਤਾਨ ਤਾਂ ਹੋ ਗਿਆ ਗ਼ਾਇਬ ਤੇ ਹਕੂਮਤ ਦੀਆਂ ਪੰਜੇ ਡੱਬੀਆਂ ਸੰਭਾਲਦਾ ਕਲੂਆ ਮੁੜਿਆ ਆਪਣੇ ਮਸਾਣ !

ਕਲੂਏ ਦੇ ਦਸ ਭਰਾ, ਸੌ ਭਤੀਜੇ, ਹਜ਼ਾਰ ਦੋਸਤ ! ਉਸਨੇ ਸਭ ਨੂੰ ਭਜਾਇਆ ਕਿ ਕੋਈ ਬੇਕਸੂਰ ਮੁਰਦਾ ਲੱਭ ਕੇ ਲਿਆਓ । ਲੱਭਣ ਨਾਲ ਭਲਾ ਕੀ ਨਹੀਂ ਮਿਲ ਸਕਦਾ ? ਆਖ਼ਿਰ ਭੀੜ 'ਤੇ ਹੋਈ ਫ਼ਾਈਰਿੰਗ ਵਿਚ ਮਾਰਿਆ ਗਿਆ ਇਕ ਮੁਰਦਾ ਮਿਲ ਗਿਆ । ਕਲੂਏ ਨੇ ਮੁਰਦੇ ਦੇ ਮੂੰਹ ਵਿਚ ਪਹਿਲੀ ਡੱਬੀ ਰੱਖੀ ਤੇ ਸ਼ੈਤਾਨ ਦਾ ਨਾਂ ਜਪਣ ਲਗਾ । ਨਾ ਦਿਨ ਵੇਖਿਆ ਨਾ ਰਾਤ ! ਜਦੋਂ ਉਹ ਜਪਦੇ ਜਪਦੇ ਬਿਲਕੁਲ ਥੱਕ ਗਿਆ ਤਾਂ ਉਸਨੇ ਹਿਸਾਬ ਮਿਲਾਇਆ । ਓਦੋਂ ਤੱਕ ਬਾਰਾਂ ਦਿਨ ਤੇ ਬਾਰਾਂ ਰਾਤਾਂ ਬੀਤ ਚੁਕੀਆਂ ਸਨ । ਉਸ ਨੇ ਸੋਚਿਆ ਭਲਾ ਬਾਰਾਂ ਤੇਰਾਂ ਵਿੱਚ ਕਿਹੜਾ ਵੱਡਾ ਫ਼ਰਕ ਹੈ ! ਡੱਬੀ ਤਾਂ ਏਨੇ ਦਿਨਾਂ ਵਿੱਚ ਸਿੱਧ ਹੋ ਹੀ ਗਈ ਹੋਵੇਗੀ ! ਖੋਲ੍ਹ ਲਈਏ ! ਤਾਂ ਸ਼ੈਤਾਨ ਦਾ ਨਾਂ ਲੈ ਕੇ ਉਹਨੇ ਡੱਬੀ ਖੋਲ੍ਹ ਲਈ !

ਡੱਬੀ ਦੇ ਅੰਦਰ ਸੀ-ਮੁਕਟ, ਰਾਜ ਗੱਦੀ, ਤਲਵਾਰ ਅਤੇ ਮੋਟੇ ਮੋਟੇ ਧਾਰਮਿਕ-ਗ੍ਰੰਥ !

ਕਲੂਏ ਨੇ ਤਲਵਾਰ ਕਮਰ ਨਾਲ ਬੰਨ੍ਹੀ ! ਮੁਕਟ ਮੱਥੇ ਤੇ ਸਜਾਇਆ ! ਤੇ ਲੋਕੋ ਮੈਂ ਤੁਹਾਡਾ ਰਾਜਾ ਹਾਂ ! ਮੈਨੂੰ ਭਗਵਾਨ ਨੇ ਤੁਹਾਡੇ 'ਤੇ ਰਾਜ ਕਰਨ ਲਈ ਭੇਜਿਆ ਹੈ । ਤੁਸੀਂ ਆਪਣੇ ਸਿਰ ਝੁਕਾਓ ਤੇ ਮੇਰੀ ਹਕੂਮਤ ਮੰਨੋ !"

ਕਲੂਏ ਦੀ ਗੱਲ ਅੱਧੇ ਲੋਕਾਂ ਨੇ ਤਾਂ ਬਿਨਾਂ-ਸੁਣੇ ਹੀ ਮੰਨ ਲਈ, ਪਰ ਅੱਧੇ ਲੋਕਾਂ ਨੇ ਨਹੀਂ ਮੰਨੀ ਉਹ ਬੋਲੇ, "ਇਹਦਾ ਕੀ ਸਬੂਤ ਹੈ ਕਿ ਤੈਨੂੰ ਭਗਵਾਨ ਨੇ ਹੀ ਰਾਜਾ ਬਣਾਇਆ ਹੈ ! ਹੋ ਸਕਦਾ ਹੈ ਤੂੰ ਆਪਣੇ-ਆਪ ਹੀ ਰਾਜਾ ਬਣ ਬੈਠਾ ਹੋਵੇਂ ! ਸਾਨੂੰ ਸਬੂਤ ਦੇਹ !"

ਕਲੂਆ ਵੀ ਪੂਰਾ ਚਾਲ-ਬਾਜ਼ ! ਹਰ ਚਾਲ ਨੂੰ ਕੱਟਣਾ ਜਾਣਦਾ ਸੀ । ਉਹ ਮੋਟੇ ਮੋਟੇ ਧਰਮ-ਗ੍ਰੰਥਾਂ 'ਚੋਂ ਜਾਣਦਾ ਸੀ । ਉਹਨੇ ਮੋਟੇ ਮੋਟੇ ਧਰਮ ਗ੍ਰੰਥਾਂ 'ਚੋਂ ਕੁਝ ਪੰਨੇ ਪਾੜ ਕੇ ਕੱਢੇ ਤੇ ਲੋਕਾਂ ਨੂੰ ਵੰਡ ਦਿੱਤੇ । ਪੰਨਿਆਂ 'ਤੇ ਲਿਖਿਆ ਸੀ, "ਰਾਜਾ ਭਗਵਾਨ ਦਾ ਪ੍ਰਤੀਨਿਧ ਹੈ । ਰਾਜੇ ਦੀ ਆਗਿਆ ਭਗਵਾਨ ਦੀ ਆਗਿਆ ਹੈ । ਰਾਜੇ ਦੀ ਇਛਾ ਭਗਵਾਨ ਦੀ ਇੱਛਾ ਹੈ !

ਧਰਮ ਦੀਆਂ ਕਿਤਾਬਾਂ ਉਹ ਵੀ ਪੁਰਾਣੀਆਂ ! ਉਹਦੇ ਖ਼ਿਲਾਫ਼ ਭਲਾ ਕੌਣ ਜਾਵੇ ? ਜੋ ਜਾਏ ਉਹਦਾ 'ਲੋਕ' ਵਿਗਾੜੇ ਰਾਜਾ 'ਪ੍ਰਲੋਕ' ਵਿਗਾੜੇ ਦੇਵਤਾ । ਰਾਜਾ ਦੇਵੇ ਸਜ਼ਾ ਦੇਵਤਾ ਦੇਵੇ ਸਰਾਪ ! ਉਹਨੂੰ ਰਾਜਾ ਸੁੱਟੇ ਜੇਲ੍ਹ ਵਿੱਚ, ਦੇਵਤਾ ਸੁੱਟੇ ਨਰਕ ਵਿਚ !

'ਬਹਿਸ ਹੋਵੇ ਤਾਂ ਦਲੀਲ ਦੇਵੋ ਅੰਧ-ਵਿਸ਼ਵਾਸ ਵਿਚ ਕਿਹੜੀ ਬਹਿਸ ਤੇ ਕਿਹੜੀ ਦਲੀਲ । ਇਸ ਲਈ ਬਾਕੀ ਲੋਕਾਂ ਨੇ ਵੀ ਮੰਨ ਲਿਆ ਕਿ ਜਦੋਂ ਧਾਰਮਿਕ ਕਿਤਾਬਾਂ ਗਵਾਹੀ ਦੇ ਰਹੀਆਂ ਹਨ ਤਾਂ ਫਿਰ ਕੇਹਾ ਸ਼ੱਕ-ਸੰਦੇਹ ! ਕਲੂਆ ਰਾਜਾ ਤੇ ਬਾਕੀ ਸਾਰੇ ਪਰਜਾ ! ਤਾਂ ਦੁਨੀਆਂ ਭਰ ਦੇ ਸਾਰੇ ਆਦਮੀਆਂ ਨੇ ਹੱਥ ਜੋੜ ਕੇ ਰਾਜੇ ਦੀ ਪੂਜਾ ਕੀਤੀ, "ਹੇ ਪ੍ਰਤਾਪੀ ਰਾਜਾ ਤੂੰ ਮਹਾਨ ਏਂ ! ਅਸੀਂ ਤੇਰੀ ਪਰਜਾ ਹਾਂ ! ਅਸੀਂ ਦੋਸ਼ੀ ਹਾਂ ਤੂੰ ਨਿਰਦੋਸ਼ ਹੈਂ ! ਤੇਰੀ ਜੈ !"

ਤੇ ਪਹਿਲੀ ਡੱਬੀ ਦੇ ਜਾਦੂਈ ਪ੍ਰਤਾਪ ਨਾਲ ਕਲੂਏ ਦੀ ਹਕੂਮਤ ਚਲ ਗਈ, ਚਲਦੀ ਰਹੀ ਤੇ ਚਲਦੀ ਰਹੀ ! ਇਸ ਤਰ੍ਹਾਂ ਕਈ ਵਰ੍ਹੇ ਬੀਤ ਗਏ ।

ਪਰ ਡੱਬੀ ਦੀ ਪੂਜਾ ਦੇ ਵਿਧੀ-ਵਿਧਾਨ ਵਿੱਚ ਇੱਕ ਦਿਨ ਦੀ ਕਸਰ ਰਹਿ ਗਈ ਸੀ । ਕੁਝ ਦਿਨਾਂ ਦੇ ਬਾਅਦ ਉਹਦਾ ਅਸਰ ਘੱਟ ਹੋਣ ਲੱਗਾ ਅਸਰ ਘੱਟ ਹੋਣ ਲੱਗਾ ਤਾਂ ਕਲੂਏ ਦੇ ਮਨ ਵਿਚ ਲਾਲਚ ਜਾਗਿਆ । ਉਸ ਨੇ ਦੁਨੀਆਂ ਭਰ ਦੇ ਹੀਰੇ ਜਵਾਹਰਾਤ ਆਪਣੇ ਖ਼ਜ਼ਾਨੇ ਵਿੱਚ ਭਰ ਲਏ । ਦੁਨੀਆਂ ਭਰ ਦੀਆਂ ਖ਼ੂਬਸੂਰਤ ਔਰਤਾਂ ਆਪਣੇ ਮਹਿਲਾਂ ਵਿਚ ਭਰ ਲਈਆਂ । ਕੀਹਦੇ 'ਚ ਹਿੰਮਤ ਸੀ ਜੋ ਕਲੂਏ 'ਤੇ ਸ਼ੱਕ ਕਰਦਾ ! ਲੋਕਾਂ ਨੇ ਆਪਣੇ ਨੱਕ ਕਟਵਾ ਲਏ ਤੇ ਆਪਣੀ ਪੂਛ ਦਬਾਈ ਆਪਣੇ-ਆਪਣੇ ਘਰਾਂ 'ਚ ਜਾ ਲੁਕੇ ।

ਤੇ ਦੂਜੀ ਡੱਬੀ ਦੇ ਜਾਦੂਈ ਪ੍ਰਤਾਪ ਨਾਲ ਕਲੂਏ ਦੀ ਹਕੂਮਤ ਫਿਰ ਚੱਲ ਗਈ, ਚਲਦੀ ਰਹੀ ਤੇ ਚਲਦੀ ਰਹੀ । ਕਈ ਸਾਲ ਬੀਤ ਗਏ; ਪਰ ਦੂਜੀ ਡੱਬੀ ਦੀ ਪੂਜਾ ਵਿੱਚ ਵੀ ਇਕ ਦਿਨ ਦੀ ਕਸਰ ਰਹਿ ਗਈ ਸੀ; ਇਸ ਲਈ ਉਹਦਾ ਅਸਰ ਵੀ ਘੱਟ ਹੋਣ ਲੱਗਾ ।

ਜਦੋਂ ਅਸਰ ਘੱਟ ਹੋਣ ਲੱਗਾ ਤਾਂ ਰਾਈਫਲ 'ਚੋਂ ਜ਼ਿਆਦਾ ਗੋਲੀਆਂ ਚੱਲਣ ਲੱਗੀਆਂ। ਫਿਰ ਸਾਰੇ ਕੰਮ ਰੁਕ ਗਏ ਸਿਰਫ਼ ਗੋਲੀਆਂ ਚਲਣ ਲੱਗੀਆਂ। ਆਖ਼ਿਰ ਗੋਲੀਆਂ ਚਲਾਉਣ ਵਾਲਿਆਂ 'ਤੇ ਵੀ ਗੋਲੀਆਂ ਚਲਣ ਲੱਗੀਆਂ :

- ਤਦ ਤੱਕ ਸੌ ਸਾਲ ਬੀਤ ਗਏ। ਡੱਬੀ ਦਾ ਅਸਰ ਖ਼ਤਮ, ਜਾਦੂ ਦਾ ਜ਼ੋਰ ਖਤਮ! ਤਾਂ ਕਲੂਏ ਦੇ ਰਾਜ ਮਹਿਲ ਵਿੱਚ ਰਹਿਣ ਵਾਲੇ ਉਹਦੇ ਖ਼ਾਸ ਖ਼ਾਸ ਸਿਪਾਹੀਆਂ, ਨੇ ਗੋਲੀਆਂ ਚਲਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਵਿਦਰੋਹ ਕਰ ਦਿੱਤਾ।

ਜਾਨ-ਲੇਵਾ ਸਥਿਤੀ ਆਈ ਦੇਖ ਕੇ ਕਲੂਆ ਭੱਜਿਆ ਤੇ ਮਸਾਣਾਂ 'ਚ ਜਾ ਕੇ ਸਾਹ ਲਿਆ।

ਕਲੂਏ ਦੇ ਦਸ ਸਕੇ, ਸੌ ਸੰਬੰਧੀ, ਹਜ਼ਾਰ ਪਿੰਡ 'ਚੋਂ, ਲੱਖ ਗੁਆਂਢੀ! ਉਹਨੇ ਸਾਰਿਆਂ ਨੂੰ ਭੁਜਾਇਆ! ਲੱਭਦਿਆਂ ਲੱਭਦਿਆਂ ਆਖ਼ਿਰ ਉਨ੍ਹਾਂ ਨੂੰ ਇੱਕ ਬੇਕਸੂਰ ਸਿਪਾਹੀ ਦੀ ਲਾਸ਼ ਮਿਲ ਗਈ। ਕਲੂਏ ਨੇ ਉਹਦੇ ਮੂੰਹ ਵਿੱਚ ਡੱਬੀ ਰੱਖੀ ਤੇ ਸ਼ੈਤਾਨ ਦਾ ਨਾਮ ਜਪਣ ਲੱਗਾ। ਨਾ ਦਿਨ ਦਾ ਪਤਾ ਨਾ ਰਾਤ ਦੀ ਹੋਸ਼! ਜਦੋਂ ਜਾਪ ਕਰਦੇ ਕਰਦੇ ਬਹੁਤ ਦਿਨ ਬੀਤ ਗਏ ਤੇ ਕਲੂਆ ਥੱਕ ਗਿਆ। ਉਸ ਨੇ ਹਿਸਾਬ ਮਿਲਾਇਆ। ਬਾਰਾਂ ਦਿਨ ਤੇ ਬਾਰਾਂ ਰਾਤਾਂ ਬੀਤ ਗਈਆਂ ਸਨ। ਇਹਦੇ 'ਚ ਕੀ ਫਰਕ ਪੈਂਦਾ ਏ! ਡੱਬੀ ਤਾਂ ਸਿੱਧ ਹੋ ਹੀ ਚੁੱਕੀ ਸੀ। ਲਿਆਓ ਖੋਲ੍ਹ ਲਈਏ! ਉਸ ਨੇ ਸ਼ੈਤਾਨ ਨੂੰ ਸੀਸ ਝੁਕਾਇਆ ਤੇ ਤੀਜੀ ਡੱਬੀ ਖੋਲ੍ਹ ਲਈ।

ਤੀਜੀ ਡੱਬੀ ਵਿੱਚ ਇੱਕ ਪਾਸੇ ਬਹੁਤ ਸਾਰੀ ਰਕਮ ਪਈ ਸੀ ਤੇ ਦੂਜੇ ਪਾਸੇ ਇੱਕ ਕਿਤਾਬ! ਕਿਤਾਬ ਦਾ ਨਾਂ ਸੀ 'ਚੰਗੀ ਹਕੂਮਤ ਕਰਨ ਦੇ ਸੌ ਵਧੀਆ ਨੁਸਖ਼ੇ'.

ਕਲੂਏ ਨੇ ਰਕਮ ਨਾਲ ਬਹੁਤ ਸਾਰੇ ਬੈਂਕ ਖੋਲ੍ਹ ਦਿੱਤੇ। ਫਿਰ ਉਹਨੇ ਲੋਕਾਂ ਨੂੰ ਬੁਲਾ ਕੇ ਕਿਹਾ, "ਦੁਨੀਆਂ ਵਾਲਿਓ ਮੈਂ ਤੁਹਾਨੂੰ ਇੱਕ ਖੁਸ਼ਖ਼ਬਰੀ ਸੁਣਾ ਰਿਹਾ ਹਾਂ। ਹੁਣ ਤੁਸੀਂ ਸਾਰੀ ਦੁਨੀਆਂ ਦੇ ਮਾਲਕ ਹੋ। ਹੁਣ ਦੁਨੀਆਂ-ਭਰ 'ਤੇ ਤੁਹਾਡਾ ਰਾਜ ਹੈ। ਹੁਣ ਤੁਸੀਂ ਲੋਕ ਖ਼ੂਬ ਤਰੱਕੀ ਕਰੋ। ਮੈਂ ਤੁਹਾਡੇ ਲਈ ਬੈਂਕ ਖੋਲ੍ਹ ਦਿਤੇ ਹਨ। ਮੇਰੇ ਬੈਂਕ ਤਰੱਕੀ ਕਰਨ ਵਾਲਿਆਂ ਨੂੰ ਮਾਮੂਲੀ ਵਿਆਜ 'ਤੇ ਕਰਜ਼ ਦੇਣਗੇ। ਇਹਦੇ ਇਲਾਵਾ ਮੈਂ ਤੁਹਾਡੇ ਲਈ ਇੱਕ ਕਿਤਾਬ ਵੀ ਲਿਆਇਆ ਹਾਂ। ਲਓ ਇਹ ਕਿਤਾਬ ਲਓ!"

... ... ...

ਇਹ ਕਹਿ ਕੇ ਕਲੂਏ ਨੇ ਡੱਬੀ 'ਚੋਂ ਨਿਕਲੀ ਕਿਤਾਬ ਲੋਕਾਂ ਵਿੱਚ ਵੰਡ ਦਿੱਤੀ। ਕਿਤਾਬ ਵਿੱਚ ਚੰਗੀ ਹਕੂਮਤ ਦੇ ਸੌ ਨੁਸਖ਼ੇ ਸਨ। ਲੋਕ ਕਿਤਾਬਾਂ ਲੈ ਕੇ ਚਲੇ ਗਏ ਤੇ ਅੱਡ ਅੱਡ ਨੁਸਖ਼ੇ ਅਜ਼ਮਾਉਣ ਲੱਗੇ। ਉਹ ਖ਼ੁਸ਼ ਸਨ ਕਿਉਂਕਿ ਉਹ ਆਪਣੇ ਰਾਜਾ ਆਪ ਸਨ।

ਇਧਰ ਲੋਕ-ਕਿਤਾਬ ਦੇ ਵਧੀਆ ਨੁਸਖ਼ਿਆਂ ਦੇ ਭਿੰਨ ਭਿੰਨ ਪੋਜ਼ ਅਜ਼ਮਾਉਂਦੇ ਰਹੇ ਤੇ ਓਧਰ ਕਲੂਏ ਨੇ ਬੈਂਕਾਂ ਦੇ ਜ਼ਰੀਏ ਆਪਣੀ ਹਕੂਮਤ ਫੈਲਾਣੀ ਸ਼ੁਰੂ ਕਰ ਦਿੱਤੀ। ਹੌਲੀ ਹੌਲੀ ਸਾਰੀ ਦੁਨੀਆਂ ਵਿੱਚ ਉਹਦੀ ਹਕੂਮਤ ਚਲਣ ਲੱਗੀ। ਇਸ ਤਰ੍ਹਾਂ ਕਈ ਸਾਲ ਬੀਤ ਗਏ।

ਪਰ ਤੀਜੀ ਡੱਬੀ ਦੀ ਪੂਜਾ ਵਿੱਚ ਵੀ ਇੱਕ ਦਿਨ ਦੀ ਕਸਰ ਰਹਿ ਗਈ ਸੀ; ਇਸ ਲਈ ਜਾਦੂ ਦਾ ਅਸਰ ਘੱਟ ਹੋਣ ਲੱਗਾ। ਅਸਰ ਘਟਣ ਲੱਗਾ ਤਾਂ ਹਕੂਮਤ ਹਿੱਲਣ ਲੱਗੀ ਤਾਂ ਕਲੂਏ ਨੇ ਦੁਨੀਆਂ ਨੂੰ ਖਰੀਦਣਾ ਸ਼ੁਰੂ ਕਰ ਦਿੱਤਾ।

ਉਹਦੇ ਬੈਂਕ ਨਫਾ ਕਮਾ ਕਮਾ ਕੇ ਖ਼ੂਬ ਮੋਟੇ ਹੋ ਗਏ ਸਨ ਤੇ ਦੂਰ ਦੂਰ ਤੱਕ ਫੈਲ ਗਏ ਸਨ। ਦੁਨੀਆਂ ਦਾ ਜਿੰਨਾ ਪੈਸਾ ਸੀ ਉਹਦੇ ਬੈਂਕ ਵਿੱਚ ਜਮ੍ਹਾਂ ਸੀ। ਉਹ ਬਿਨਾ ਤਾਜ ਦੇ ਬਾਦਸ਼ਾਹ ਸੀ। ਉਹਦੇ ਕੋਲ ਬਹੁਤ, ਬਹੁਤ ਕੀ ਕਰੀਬ ਕਰੀਬ ਸਾਰਾ ਪੈਸਾ ਸੀ।

ਪਹਿਲਾਂ ਉਸਨੇ ਇੱਕ ਆਦਮੀ ਦਾ ਸਾਰਾ ਕੁਝ ਖਰੀਦ ਕੇ ਇੱਕ ਆਦਮੀ ਨੂੰ ਬੇ-ਘਰ-ਬਾਰ ਕਰ ਦਿੱਤਾ। ਫਿਰ ਉਹਨੇ ਚਾਰ ਆਦਮੀਆਂ ਦਾ ਸਭ ਕੁਝ ਖਰੀਦ ਕੇ ਉਨ੍ਹਾਂ ਨੂੰ ਬੇ-ਘਰ ਕਰ ਦਿੱਤਾ। ਫਿਰ ਉਹਨੇ ਕਾਫ਼ੀ ਆਦਮੀਆਂ ਦਾ ਸਭ ਕੁਝ ਖਰੀਦ ਕੇ ਸਭ ਨੂੰ ਬੇ-ਘਰ-ਬਾਰ ਕਰ ਦਿੱਤਾ। ਅਖੀਰ ਵਿੱਚ ਸਾਰਿਆਂ ਲੋਕਾਂ ਦਾ ਸਭ ਕੁਝ ਖਰੀਦ ਕੇ ਸਭ ਨੂੰ ਬੇ-ਘਰ-ਬਾਰ ਕਰ ਦਿੱਤਾ।

ਪਰ ਤਦ ਤੱਕ ਸੌ ਸਾਲ ਬੀਤ ਗਏ। ਜਾਦੂ ਦਾ ਅਸਰ ਖਤਮ ਹੋਣ ਲੱਗਾ। ਜਾਦੂ ਖਤਮ ਹੁੰਦੇ ਹੀ ਸਾਰੇ ਆਦਮੀਆਂ ਨੂੰ ਹੋਸ਼ ਆ ਗਿਆ। ਉਨ੍ਹਾਂ ਲੋਕਾਂ ਨੇ ਕਲੂਏ ਦੇ ਬੈਂਕਾਂ ਨੂੰ ਘੇਰ ਲਿਆ ਤੇ ਚੀਕ ਕੇ ਬੋਲੇ, "ਕਲੂਏ ਤੇਰੀ ਚੰਗੀ ਹਕੂਮਤ ਦੇ ਸੌ ਨੁਸਖ਼ੇ ਬਿਲਕੁਲ ਧੋਖਾ ਨੇ। ਇਹ ਵੀ ਧੋਖਾ ਏ ਕਿ ਅਸੀਂ ਖ਼ੁਦ ਆਪਣੇ ਮਾਲਕ ਹਾਂ। ਦਰਅਸਲ ਹਾਕਮ ਤੂੰ ਏਂ! ਦਸ ਜੇ ਅਸੀਂ ਆਪਣੇ ਮਾਲਕ ਹਾਂ ਤਾਂ ਸਾਡਾ ਸਭ ਕੁਝ ਵਿਕ ਕਿਉਂ ਗਿਆ? ਇਸ ਲਈ ਤੂੰ ਧੋਖਾ ਦੇ ਦੇ-ਕੇ ਸਾਡਾ ਜੋ ਜੋ ਕੁਝ ਖਰੀਦਿਆ ਹੈ ਉਹ ਸਭ ਕੁਝ ਅਸੀਂ ਵਾਪਸ ਲਵਾਂਗੇ। ਅਸੀਂ ਤੇਰੇ ਬੈਂਕਾਂ 'ਤੇ ਕਬਜ਼ਾ ਕਰ ਰਹੇ ਹਾਂ।"

ਜਦ ਲੋਕ ਹੁੱਲੜ ਮਚਾਉਂਦੇ ਬੈਂਕਾਂ 'ਤੇ ਕਬਜ਼ਾ ਕਰਨ ਭੱਜੇ ਤਾਂ ਕਲੂਆ ਆਪਣੀ ਜਾਨ ਬਚਾਉਣ ਲਈ ਸ਼ੂਟ ਵੱਟ ਕੇ ਭੱਜਿਆ। ਉਹਨੇ ਮਸਾਣਾਂ ਵਿੱਚ ਜਾ ਕੇ ਸਾਹ ਲਿਆ।

... ... ...

ਕਲੂਏ ਦੇ ਦਸ ਮਾਮੇ, ਸੌ ਫੁੱਫੜ, ਹਜ਼ਾਰ ਚਾਚੇ, ਲੱਖ ਤਾਏ ! ਉਹਨੇ ਸਭ ਨੂੰ ਫੇਰ ਭਜਾਇਆ। ਆਖਿਰ ਇੱਕ ਬੇਕਸੂਰ ਦੀ ਲਾਸ਼ ਮਿਲ ਗਈ ਜੀਹਨੂੰ ਇੱਕ ਟਰੱਕ ਦਰੜ ਕੇ ਭੱਜ ਗਿਆ ਸੀ। ਕਲੂਏ ਨੇ ਉਹਦੇ ਮੂੰਹ ਵਿੱਚ ਚੋਥੀ ਡੱਬੀ ਰੱਖੀ ਤੇ ਸ਼ੈਤਾਨ ਦਾ ਜਾਪ ਕਰਨ ਲੱਗਾ। ਉਹਨੇ ਨਾ ਘੜੀ ਦੇਖੀ ਨਾ ਘੰਟਾ ਸੁਣਿਆ। ਥੱਕ ਗਿਆ ਤਾਂ ਹਿਸਾਬ ਕੀਤਾ। ਬਾਰਾਂ ਦਿਨ ਤੇ ਬਾਰਾਂ ਰਾਤਾਂ ਬੀਤ ਗਈਆਂ ਸਨ। ਉਹਨੇ ਸੋਚਿਆ ਬਾਰਾਂ ਤੇਰਾਂ ਵਿਚ ਥੋੜਾ ਜਿੰਨਾ ਤਾਂ ਫਰਕ ਹੈ ! ਡੱਬੀ ਤਾਂ ਸਿੱਧ ਹੋ ਹੀ ਗਈ ਹੋਣੀ ਏਂ। ਲਿਆਓ ਖੋਲ੍ਹੀਏ ! ਉਹਨੇ ਸ਼ੈਤਾਨ ਦਾ ਨਾਂ ਲੈ ਕੇ ਚੋਥੀ ਡੱਬੀ ਖੋਲ੍ਹ ਲਈ।

ਡੱਬੀ ਦੇ ਇੱਕ ਪਾਸੇ ਖੱਦਰ ਦੀਆਂ ਪੁਸ਼ਾਕਾਂ ਸਨ ਤੇ ਦੂਜੇ ਪਾਸੇ ਲੋਹੇ ਦੇ ਔਜ਼ਾਰ !

ਕਲੂਏ ਨੇ ਲੋਕਾਂ ਦੇ ਖੱਦਰ ਦੀਆਂ ਪੁਸ਼ਾਕਾਂ ਪਵਾ ਦਿਤੀਆਂ ਤੇ ਕੁਝ ਨੂੰ ਲੋਹੇ ਦੇ ਔਜ਼ਾਰ ਫੜਾ ਦਿੱਤੇ। ਫਿਰ ਉਹਨੇ ਇੰਨ੍ਹਾਂ ਆਦਮੀਆਂ 'ਤੇ 'ਨੇਤਾ' ਦੇ ਬਿੱਲੇ ਲਾ ਕੇ ਇੰਨ੍ਹਾਂ ਨੂੰ ਸ਼ਹਿਰਾਂ ਵਿੱਚ, ਪਿੰਡਾਂ ਵਿਚ, ਕਾਰਖਾਨਿਆਂ ਵਿਚ, ਸਭਾ-ਸੁਸਾਇਟੀਆਂ ਵਿਚ ਭੇਜ ਦਿੱਤਾ।

ਇਹਦੇ ਬਾਅਦ ਉਹ ਇਕ ਉੱਚੇ ਮੰਚ 'ਤੇ ਖੜਾ ਹੋ ਗਿਆ ਤੇ ਹਵਾ ਵਿਚ ਹੱਥ ਲਹਿਰਾਉਂਦਾ ਹੋਇਆ ਬੋਲਿਆ, "ਸਾਥੀਓ ਪਿਛਲੀ ਹਕੂਮਤ ਵਿਚ ਅਸੀਂ ਧੋਖੇ ਵਿਚ ਆ ਗਏ ਸੀ। ਇਸ ਲਈ ਆਓ ਆਪਾਂ ਸਾਰੇ ਮਿਲ ਕੇ ਤੈਅ ਕਰੀਏ ਕਿ ਸਾਡੀ ਦੁਨੀਆਂ ਵਿਚ ਜੋ ਕੁਝ ਵੀ ਹੈ, ਤੇ ਜਿਹੜਾ ਕੁਝ ਵੀ ਹੋਵੇਗਾ, ਇਹ ਸਿਰਫ ਰਾਜ ਦਾ ਹੋਵੇਗਾ। ਹੁਣ ਕੋਈ ਚੀਜ਼ ਕਿਸੇ ਇਕ ਦੀ ਨਹੀਂ ਹੋਵੇਗੀ, ਇਸ ਲਈ ਚੀਜ਼ਾਂ ਸਾਰਿਆਂ ਦੀਆਂ ਹੋਣਗੀਆਂ।"

ਅੱਧੇ ਲੋਕ ਬਿਨਾਂ ਸੁਣੇ ਹੀ ਕਲੂਏ ਦੀ ਗੱਲ ਮੰਨ ਗਏ, ਪਰ ਬਾਕੀ ਅੱਧਿਆਂ ਨੇ ਸਫ਼ਾਈ ਮੰਗੀ। ਉਨ੍ਹਾਂ ਨੇ ਪੁਛਿਆ, "ਪਹਿਲੀ ਗੱਲ ਤਾਂ ਇਹ ਦੱਸ ਕਿ ਤੂੰ ਕੌਣ ਏਂ ? ਤੇ ਦੂਜੀ ਗੱਲ ਇਹ ਦਸ ਕਿ ਕੀ ਸਬੂਤ ਹੈ ਕਿ ਇਸ ਦਫ਼ਾ ਬੇਈਮਾਨੀ ਨਹੀਂ ਹੋਵੇਗੀ।"

ਕਲੂਆ ਮਹਾਂ ਗੁਰੂ ਸੀ। ਉਹ ਹਰ ਚਾਲ ਦੀ ਕਾਟ ਜਾਣਦਾ ਸੀ। ਉਸ ਨੇ ਦੱਸਿਆ, "ਭਾਈਓ, ਮੈਂ ਵੀ ਤੁਹਾਡੀ ਤਰ੍ਹਾਂ ਇਕ ਮਾਮੂਲੀ ਆਦਮੀ ਹਾਂ, ਇਸ ਲਈ ਮੈਂ ਚਾਹੁੰਦਾ ਹਾਂ ਇਸ ਵਾਰ ਬੇਈਮਾਨੀ ਨਾ ਹੋਵੇ। ਤਦੇ ਤਾਂ ਕਹਿੰਦਾ ਹਾਂ ਕਿ ਆਦਮੀ ਨੂੰ ਆਪਣਾ ਕੁਝ ਰੱਖਣ ਦਾ ਹੱਕ ਹੀ ਨਾ ਦਿਓ ! ਜਦੋਂ ਉਹ ਕੁਝ ਰੱਖ ਹੀ ਨਹੀਂ ਸਕਦਾ ਤਾਂ ਭ੍ਰਿਸ਼ਟਾਚਾਰ ਕਿਸ ਤਰ੍ਹਾਂ ਕਰੇਗਾ ? ਜਦੋਂ ਉਹਦਾ ਕੁਝ ਹੋ ਹੀ ਨਹੀਂ ਸਕੇਗਾ ਤਾਂ ਉਹ ਕੀ ਬੇਈਮਾਨੀ ਕਰੇਗਾ।"

ਫਿਰ ਕੀ ਸੀ ! ਡੱਬੀ ਦੇ ਜਾਦੂ ਦੇ ਜ਼ੋਰ ਨਾਲ ਕਲੂਏ ਦੀ ਗੱਲ ਲੋਕਾਂ ਦੀ ਸਮਝ ਵਿਚ ਆ ਗਈ ਉਹ ਮੰਨ ਗਏ। ਉਨ੍ਹਾਂ ਨੇ ਆਪਣਾ ਸਾਰਾ ਕੁਝ ਰਾਜ ਨੂੰ ਦੇ ਦਿੱਤਾ। ਆਪਣੇ ਤਨ ਤੋਂ ਇਲਾਵਾ ਕੁਝ ਵੀ ਨਾ ਰੱਖਿਆ। ਨਾ ਬੀਵੀ ਰੱਖੀ ਨਾ ਬੱਚੇ, ਨਾ ਖੇਤ ਰੱਖੇ ਨਾ ਕਾਰਖਾਨੇ, ਨਾ ਘਰ ਰੱਖੇ ਨਾ ਪਿੰਡ।

ਪਰ ਤਦ ਇਕ ਸਮੱਸਿਆ ਸਾਹਮਣੇ ਆਈ। ਸਵਾਲ ਉਠਿਆ ਕਿ ਇਹ ਤਾਂ ਮੰਨ ਲਿਆ ਕਿ ਸਾਰਾ ਕੁਝ ਰਾਜ ਦਾ ਹੈ, ਪਰ ਰਾਜ ਸਭ ਕੁਝ ਦਾ ਇੰਤਜ਼ਾਮ ਕਿਵੇਂ ਕਰੇ ? ਇਸ ਲਈ ਮਾਮੂਲੀ ਆਦਮੀ ਕਲੂਏ ਨੇ ਆਪਣੇ ਜਿਹੇ ਹੋਰਾਂ ਨਾਲ ਸਲਾਹ ਕਰਕੇ ਤੈਅ ਕਰ ਲਿਆ ਕਿ ਰਾਜ ਦੇ ਸਭ ਕੁਝ ਦੀ ਦੇਖ-ਭਾਲ ਲਈ ਸਭ ਲੋਕ ਮਿਲ ਕੇ ਸਰਕਾਰ ਚੁਣੇ।

ਲੋਕਾਂ ਨੇ ਸਰਕਾਰ ਚੁਣੀ ਤਾਂ ਚੋਥੀ ਡੱਬੀ ਦੇ ਜਾਦੂ ਦੇ ਜ਼ੋਰ ਨਾਲ ਕਲੂਆ ਨੇਤਾ ਬਣਿਆ ਤੇ ਆਪਣੇ ਹੀ ਬੰਦਿਆਂ ਨੂੰ ਚੁਣਾ ਦਿੱਤਾ। ਉਨ੍ਹਾਂ ਦੇ ਰਾਹੀਂ ਦੁਨੀਆਂ 'ਤੇ ਹਕੂਮਤ ਕਰਨ ਲੱਗਾ। ਇਸ ਤਰ੍ਹਾਂ ਕਈ ਸਾਲ ਬੀਤ ਗਏ।

ਪਰ ਚੋਥੀ ਡੱਬੀ ਦੀ ਪੂਜਾ ਵਿਚ ਵੀ ਇਕ ਦਿਨ ਦੀ ਕਸਰ ਰਹਿ ਗਈ ਸੀ। ਇਸ ਲਈ ਕੁਝ ਦਿਨਾਂ ਬਾਅਦ ਉਹਦਾ ਅਸਰ ਘਟ ਹੋਣ ਲੱਗਾ ਤਾਂ ਕਲੂਆ ਦੇ ਚੁਣੇ ਹੋਏ ਆਦਮੀ ਜ਼ਿਆਦਾ ਐਸ਼ ਕਰਨ ਲੱਗੇ। ਫਿਰ ਉਹ ਸਭ ਕੁਝ ਛੱਡ ਕੇ ਖੁਲੇ ਲੁਟਣ ਲੱਗੇ। ਆਖਿਰ ਜ਼ਿਆਦਾ ਐਸ਼ ਲਈ ਉਹ ਇਕ ਦੂਜੇ ਨਾਲ ਲੜਨ ਲੱਗੇ। ਉਹ ਟੁਕੜਿਆਂ ਵਿਚ ਵੰਡੇ ਗਏ। ਇਕ ਤੋਂ ਦੋ ਹੋਏ, ਦੋ ਤੋਂ ਸੌ, ਸੌ ਤੋਂ ਲੱਖ, ਲੱਖਾਂ ਤੋਂ ਅਣ-ਗਿਣਤ ਹੋਏ ! ਇਕ ਨੇ ਦੂਜੇ ਨੂੰ ਕਿਹਾ, "ਤੂੰ ਦੁਸ਼ਮਣ ਦਾ ਜਸੂਸ ਏਂ !" ਤੀਸਰੇ ਨੇ ਚੌਥੇ ਨੂੰ ਕਿਹਾ, "ਤੂੰ ਭ੍ਰਿਸ਼ਟ ਏਂ !" ਦਸਵੇਂ ਨੇ ਬਾਰ੍ਹਵੇਂ ਨੂੰ ਕਿਹਾ, "ਤੂੰ ਵਹਿਮੀ ਏਂ ਅ-ਵਿਸ਼ਵਾਸੀ ਏਂ !" ਹਜ਼ਾਰਵੇਂ ਨੇ ਲੱਖਵੇਂ ਨੂੰ ਕਿਹਾ, "ਤੂੰ ਝੂਠਾ ਏ ਮੱਕਾਰ ਏਂ !" ਅਗਲੇ ਨੇ ਆਖਰੀ ਨੂੰ ਕਿਹਾ, "ਮੈਂ ਚਾਹੇ ਡੁੱਬ ਜਾਵਾਂ, ਪਰ ਤੈਨੂੰ ਜ਼ਰੂਰ ਡੋਬਾਂਗਾ।"

ਤਦ ਤੱਕ ਸੌ ਸਾਲ ਬੀਤ ਗਏ। ਚੋਥੀ ਡੱਬੀ ਦਾ ਜ਼ੋਰ ਖਤਮ ਹੋਣ ਲੱਗਾ। ਅਸਰ ਖਤਮ ਹੁੰਦੇ ਹੀ ਲੋਕ ਆਪਣੇ ਆਪਣੇ ਘਰਾਂ 'ਚੋਂ ਲਾਠੀਆਂ ਲੈ ਕੇ ਨਿੱਕਲ ਆਏ। ਉਨ੍ਹਾਂ ਨੇ ਖਾਦੀ ਵਾਲੇ, ਬੋਦੀ ਵਾਲੇ, ਦਾੜੀ ਵਾਲੇ ਮੁੱਛਾਂ ਵਾਲੇ, ਔਜ਼ਾਰ ਵਾਲੇ, ਹਥਿਆਰ ਵਾਲੇ, ਗੱਦਾਰੀ

ਵਾਲੇ, ਮਕ੍ਹਾਰੀ ਵਾਲੇ ਸਾਰੇ ਨੇਤਾਵਾਂ ਨੂੰ ਘੇਰ ਲਿਆ ਤੇ ਧਮਕਾਉਣ ਲੱਗੇ, "ਤੁਸੀਂ ਸਾਰੇ ਭ੍ਰਸ਼ਟ ਹੋ। ਅਸੀਂ ਤੁਹਾਨੂੰ ਧੋ ਧੋ ਕੇ ਸ਼ੁਧ ਕਰਾਂਗੇ ਉਹਦੇ ਬਾਅਦ ਬਦਲਾ ਲਵਾਂਗੇ !"

ਇਹ ਸੁਣ ਕੇ ਨੇਤਾ ਲੋਕ ਤਾਂ ਚਲੇ ਗਏ। ਕਲੂਏ ਨੇ ਇਹ ਦੇਖ ਕੇ ਕਿ ਆਪਣੀ ਹਕੂਮਤ ਤਾਂ ਚਲੀ ਹੀ ਗਈ, ਸਿਧੇ ਮਸਾਣਾਂ ਵਲ ਦੌੜ ਲਗਾਈ।

... ... ...

ਤਦ ਤੋਂ ਕਲੂਆ ਭੱਜ ਰਿਹਾ ਹੈ। ਉਹ ਘਬਰਾਹਟ ਵਿਚ ਆਪਣਾ ਰਸਤਾ ਭੁੱਲ ਗਿਆ ਹੈ; ਪਰ ਜਿਉਂ ਹੀ ਉਹ ਮਸਾਣਾਂ ਵਿਚ ਪਹੁੰਚੇਗਾ ਉਦੋਂ ਹੀ ਪੰਜਵੀਂ ਡੱਬੀ ਖੁਲ੍ਹ ਜਾਏਗੀ। ਬਿਨਾਂ ਕਿਸੇ ਦੇ ਖੋਲ੍ਹੇ। ਆਪਣੇ-ਆਪ ਹੀ ਖੁਲ੍ਹ ਜਾਵੇਗੀ, ਕਿਉਂਕਿ ਸ਼ੈਤਾਨ ਨੇ ਕਿਹਾ ਸੀ ਕਿ ਪੰਜਵੀਂ ਡੱਬੀ ਦਾ ਖੁਲ੍ਹਣਾ ਕੋਈ ਨਹੀਂ ਰੋਕ ਸਕਦਾ।

ਤੇ ਜਦੋਂ ਪੰਜਵੀਂ ਡੱਬੀ ਖੁਲ੍ਹ ਜਾਵੇਗੀ ਤਦ ਆਪਣੇ ਆਪ ਹੀ ਕਲੂਏ-ਪ੍ਰੇਤ ਦੀ ਹਕੂਮਤ ਹਟ ਜਾਏਗੀ ਤਦ ਕਿਸੇ ਦੀ ਕੋਈ ਹਕੂਮਤ ਨਹੀਂ ਰਹਿ ਜਾਵੇਗੀ। ਰਹਿ ਜਾਵੇਗੀ ਸਿਰਫ ਵਿਵਸਥਾ। ००

---

ਕਹਾਣੀ

# ਅਣਖਾਂ ਵਾਲੇ

o ਗੁਰਮੇਲ ਪਾਲੀ

ਲੰਬੜਦਾਰ ਜਗੀਰ ਸਿੰਘ ਦੀ ਪੱਠਿਆਂ ਦੀ ਟਰਾਲ੍ਹੀ ਹਰ ਰੋਜ਼ ਸ਼ਹਿਰ ਜਾਂਦੀ ਸੀ। ਪਿੰਡ ਵੱਡੇ ਸ਼ਹਿਰ ਦੇ ਨੇੜੇ ਹੋਣ ਕਰ ਕੇ ਪੱਠਿਆਂ 'ਚੋਂ ਚੋਖੀ ਆਮਦਨ ਹੋ ਜਾਂਦੀ ਸੀ। ਉਹ ਆਪਣੀ ਜ਼ਮੀਨ ਦਾ ਕਾਫ਼ੀ ਹਿੱਸਾ ਪੱਠਿਆ ਹੇਠ ਹੀ ਰੱਖਦਾ। ਸਿਆਲ ਦੀ ਰੁੱਤੇ ਬਰਸੀਮ ਦੀ ਭਰਮਾਰ ਰਹਿੰਦੀ ਤੇ ਗਰਮੀਆਂ ਦੇ ਮਹੀਨੇ ਮੱਕੀ, ਬਾਜਰਾ ਨਾ ਮੁੱਕਦੇ।

ਪੱਠਿਆਂ ਦੀ ਕਟਾਈ ਕਰਨ ਵਿਚ ਉਨ੍ਹਾਂ ਨੂੰ ਕੋਈ ਖਾਸ ਔਖਿਆਈ ਮਹਿਸੂਸ ਨਾ ਹੁੰਦੀ; ਕਿਉਂਕਿ ਪਿੰਡੋਂ ਕਾਫ਼ੀ ਬੁੜ੍ਹੀਆਂ ਵਾਢੀ ਕਰਨ ਲਈ ਮਿਲ ਜਾਂਦੀਆਂ ਸਨ। ਉਹ ਜ਼ੋਰ ਸ਼ੋਰ ਨਾਲ ਵਾਢੀ ਕਰਦੀਆਂ ਤੇ ਜਦ ਟਰਾਲੀ ਪੱਠਿਆਂ ਦੀ ਹੋ ਜਾਂਦੀ, ਤਾਂ ਚੁੱਪ ਚਾਪ ਆਪਣੀ ਆਪਣੀ ਭਰੀ (ਜਿੰਨਾ ਕੋਈ ਚੱਕ ਸਕਦੀ) ਲੈ ਕੇ ਘਰਾਂ ਨੂੰ ਆ ਜਾਦੀਆਂ। ਉਹ ਖੁਸ਼ ਸਨ ਕਿ ਸਾਰੀ ਦਿਹਾੜੀ ਬੰਨਿਆਂ ਤੇ ਘਾਹ ਖੋਤਣ ਲਈ ਮਾਰੇ ਮਾਰੇ ਨਹੀਂ ਫਿਰਨਾ ਪੈਂਦਾ, ਸਗੋਂ ਦੋ ਤਿੰਨ ਘੰਟੇ ਵਾਢੀ ਕਰਨ ਮਗਰੋਂ ਹੀ ਚੰਗੀ ਭਰੀ ਮਿਲ ਜਾਂਦੀ ਸੀ।

ਲੰਬੜਦਾਰ ਕੋਈ ਚਾਰ ਕੁ ਬਜੇ ਸ਼ਾਮ ਨੂੰ ਵਿਹੜੇ ਜਾ ਵੜਦਾ। ਜਿੰਨੀਆਂ ਕੁ ਬੁੜ੍ਹੀਆਂ ਦੀ ਲੋੜ ਹੁੰਦੀ, ਉਹ ਲੈ ਆਉਂਦਾ। ਇਹ ਗਿਣਤੀ ਘਟਦੀ ਵਧਦੀ ਰਹਿੰਦੀ ਸੀ। ਜਦ ਪੱਠਿਆਂ ਦਾ ਭਾਅ ਕਾਫ਼ੀ ਹੁੰਦਾ ਤਾਂ ਉਹ ਘੱਟ ਤੋਂ ਘੱਟ ਬੁੜ੍ਹੀਆਂ ਲਿਆਉਂਦਾ ਤਾਂ ਜੋ ਮਿਹਨਤ ਵਜੋਂ ਥੋੜੇ ਪੱਠੇ ਦਿਤੇ ਜਾ ਸਕਣ। ਜਦ ਭਾਅ ਮੰਦਾ ਹੁੰਦਾ ਤਾਂ ਫਿਰ ਜਿੰਨੀਆਂ ਬੁੜ੍ਹੀਆਂ ਮਿਲ ਸਕਦੀਆਂ ਲੈ ਆਉਂਦਾ। ਝੋਨੇ ਦੀ ਲਵਾਈ, ਆਲੂਆਂ ਦੀ ਪਟਾਈ ਵੇਲੇ ਉਨ੍ਹਾਂ ਨੂੰ ਥੋੜੀ ਤੰਗੀ ਮਹਿਸੂਸ ਹੁੰਦੀ; ਕਿਉਂਕਿ ਜ਼ਿਆਦਾ ਬੁੜ੍ਹੀਆਂ ਦਿਹਾੜੀ ਕਰਨ ਲੱਗ ਪੈਂਦੀਆਂ ਸਨ। ਓਹਨਾਂ ਦਿਨਾਂ 'ਚ ਲੰਬੜਦਾਰ ਬੜਾ ਹੀ ਮਿੱਠਾ ਹੋ ਜਾਂਦਾ।

"ਚਲੋ, ਪੁੱਤ ਚਲੋ; ਘੰਟਾ ਕੁ ਈ ਲਾਉਣਾ, ਛੇਤੀ ਮੁੜ ਕੇ ਆ ਜਾਇਉ।" ਉਹ ਕੁੱਲੇ ਕੁੱਲੇ ਘਰ ਜਾ ਕੇ ਕੁੜੀਆਂ ਬੁੜੀਆਂ ਨੂੰ ਲੈ ਆਉਂਦਾ। ਕ੍ਰਿਸ਼ਨਾ ਤੇ ਮਹਿੰਗਾ ਉਹਦੇ ਇਤਬਾਰੀ ਬੰਦੇ ਸਨ। ਪੱਠਿਆਂ ਦੀਆਂ ਭਰੀਆਂ ਬੰਨ ਟਰਾਲੀ 'ਚ ਲੱਦਣੀਆਂ ਉਨ੍ਹਾਂ ਦਾ ਹੀ ਕੰਮ ਸੀ ਲੰਬੜਦਾਰ ਦਾ ਪੋਤਾ ਜਸਵੀਰ ਤੇ ਟਰੈਕਟਰ ਦਾ ਡਰਾਈਵਰ ਸ਼ੰਕਰ ਟਰਾਲੀ 'ਚ ਖੜ੍ਹ ਜਾਂਦੇ ਤੇ ਕ੍ਰਿਸ਼ਨੇ ਹੋਰਾਂ ਕੋਲੋਂ ਭਰੀਆਂ ਫੜ ਫੜ ਟਰਾਲੀ ਵਿਚ ਸੂਤ ਸਿਰ ਟਿਕਾਈ ਜਾਂਦੇ। ਲੰਬੜਦਾਰ ਬੰਨੇ ਤੇ ਡਾਂਗ ਲਈ ਖੜਾ ਵਾਢੀ ਕਰਦੀਆਂ ਨੂੰ ਹੱਲਾ-ਸ਼ੇਰੀ ਦੇਈ ਜਾਂਦਾ।

ਜਿਸ ਦਿਨ ਲੰਬੜਦਾਰ ਆਪ ਹਾਜ਼ਰ ਨਾ ਹੁੰਦਾ ਉਸ ਦਿਨ ਉਹਦੇ ਪੋਤੇ ਜਸਵੀਰ ਦੀ ਚੜ੍ਹ ਮਚ ਜਾਂਦੀ। ਉਹ ਪੱਠੇ ਵਢਦੀਆਂ ਕੁੜੀਆਂ ਨੂੰ ਟਿੱਚਰਾਂ ਕਰੀ ਜਾਂਦਾ। ਇਕ ਦੋ ਕੁੜੀਆਂ ਨੂੰ ਛੱਡ ਬਾਕੀ ਉਹਦੀ ਇਸ ਛੇੜ-ਛਾੜ ਤੋਂ ਕਾਫ਼ੀ ਦੁਖੀ ਸਨ। ਜਿਸ ਦਿਨ ਦੀ ਪੂਰਨੇ ਦੀ ਕੁੜੀ ਸੇਮੋ ਵਾਢੀ ਤੇ ਆਉਣ ਲੱਗੀ ਸੀ, ਜਸਵੀਰ ਘੱਟ ਹੀ ਬੋਲਦਾ ਸੀ। ਪਹਿਲੇ ਦਿਨ ਨਵੀਂ ਨਵੀਂ ਆਈ ਨੇ ਹੀ ਜਸਵੀਰ ਨੂੰ ਲਾਹ ਕੇ ਰੱਖ ਦਿਤਾ ਸੀ ਤਾਂ ਸਾਰੀਆਂ ਕੁੜੀਆਂ ਹੈਰਾਨ ਰਹਿ ਗਈਆਂ ਸਨ। ਉਹ ਗਰਜ ਕੇ ਬੋਲੀ, "ਵਡਿਆ ਆਸ਼ਕਾ ! ਮੂੰਹ ਸੰਭਾਲ ਕੇ ਬੋਲ, ਅਸੀਂ ਤੇਰੀਆਂ ਵਗਾਰੀ ਨਹੀਂ, ਕੰਮ ਕਰ ਕੇ ਲਿਜਾਨੀਆਂ। ਐਦਾਂ ਦੀਆਂ ਗੱਲਾਂ ਆਪਣੀ ਭੈਣ ਨੂੰ ਦੱਸੀਂ ਜਾ ਕੇ।" ਜਸਵੀਰ ਕੁਝ ਨਹੀਂ ਬੋਲਿਆ ਸੀ ਤੇ ਚੁੱਪ ਕਰ ਕੇ ਪਰ੍ਹਾਂ ਨੂੰ ਖਿਸਕ ਗਿਆ ਸੀ। ਸੇਮੋ ਦੀ ਰੀਸੇ ਹੁਣ ਦੂਜੀਆਂ ਕੁੜੀਆਂ ਵੀ ਦਲੇਰ ਹੋ ਗਈਆਂ ਸਨ।

ਐਤਕੀਂ ਮੀਂਹ ਘਟ ਪੈਣ ਕਰ ਕੇ ਬਰਸਾਤੀ

ਪੱਠੇ ਘੱਟ ਹੋਏ ਸਨ। ਮੰਡੀ ਵਿਚ ਪੱਠੇ ਘੱਟ ਜਾਣ ਕਰਕੇ ਭਾਅ ਬਹੁਤ ਸੀ। ਲੰਬੜਦਾਰ ਦੇ ਰੌਣੀ ਕਰ ਕੇ ਬੀਜੇ ਹੋਏ ਪੱਠੇ ਹੁਣ ਵੱਢਣ ਦੀ ਰੁੱਤੇ ਸਨ। ਬੁੜ੍ਹੀਆਂ ਵੀ ਵਿਹਲੀਆਂ ਹੋਣ ਕਰਕੇ ਹੁਣ ਉਹਨਾਂ ਨੂੰ ਕਹਿਣ ਜਾਣ ਦੀ ਲੋੜ ਨਹੀਂ ਸੀ ਪੈਂਦੀ, ਸਗੋਂ ਉਹ ਆਪਣੇ ਆਪ ਹੀ ਸ਼ਾਮ ਨੂੰ ਖੇਤਾਂ ਵਿਚ ਆ ਜਾਂਦੀਆਂ।

ਅੱਜ ਕਲ੍ਹ ਲੰਬੜਦਾਰ ਦਾ ਵਤੀਰਾ ਵੀ ਕੁਝ ਸਖਤ ਸੀ। ਉਹ ਚਾਹੁੰਦਾ ਸੀ ਕਿ ਥੋੜੀਆਂ ਬੁੜ੍ਹੀਆਂ ਕੋਲੋਂ ਵਾਢੀ ਕਰਾਈ ਜਾਏ ਤਾਂ ਜੋ ਮਹਿੰਗੇ ਭਾਅ ਦੇ ਪੱਠੇ ਮਿਹਨਤ ਵਜੋਂ ਘਟ ਦਿਤੇ ਜਾ ਸਕਣ। ਜਦ ਤਰਕਾਲਾਂ ਨੂੰ ਵਾਢੀ ਕਰਨ ਮਗਰੋਂ ਉਹ ਭਰੀਆਂ ਚੁੱਕ ਕੇ ਜਾਣ ਲੱਗੀਆਂ ਤਾਂ ਲੰਬੜਦਾਰ ਉਨ੍ਹਾਂ ਵਿਚੋਂ ਵੱਡੀ ਉਮਰ ਦੀ ਪ੍ਰਕਾਸ਼ੋ ਨੂੰ ਬੋਲਿਆ, "ਪ੍ਰਕਾਸ਼ੋ! ਕਲ੍ਹ ਨੂੰ ਦਸ ਕੁ ਜਾਣੀਆਂ ਹੀ ਆਇਓ। ਬਹੁਤੀਆਂ ਦੀ ਲੋੜ ਨਹੀਂ. ਟਰਾਲੀ ਕੁਛ ਊਣੀ ਹੀ ਲਿਜਾਣੀ ਆ।" ਊਣੀ ਟਰਾਲੀ ਲਿਜਾਣ ਦਾ ਉਹਨੇ ਪੱਜ ਮਾਰ ਦਿਤਾ ਸੀ ਤਾਂ ਕਿ ਉਹ ਨਰਾਜ਼ ਹੀ ਨਾ ਹੋ ਜਾਣ।

ਅਗਲੇ ਦਿਨ ਸਾਰੀਆਂ ਬੁੜ੍ਹੀਆਂ ਹੀ ਆ ਗਈਆਂ ਉਹ ਜਾਣਦੀਆਂ ਸਨ ਕਿ ਲੰਬੜਦਾਰ ਜ਼ਿਆਦਾ ਕੰਮ ਕਰਾਉਣ ਦੇ ਬਹਾਨੇ ਇਹ ਗੱਲ ਕਰਦਾ ਸੀ। ਕੁਝ ਨੇ ਘਰ ਰੁਕਣਾ ਵੀ ਚਾਹਿਆ ਪਰ ਸੇਮੋ ਉਨ੍ਹਾਂ ਨੂੰ ਧੱਕੇ ਨਾਲ ਲੈ ਆਈ। ਜਦ ਲੰਬੜਦਾਰ ਨੇ ਸਾਰੀਆਂ ਬੁੜ੍ਹੀਆਂ ਨੂੰ ਖੇਤ ਵਲ ਆਉਂਦਿਆਂ ਦੇਖਿਆ ਤਾਂ ਉਹ ਖਿਝ ਕੇ ਬੋਲਿਆ, "ਮੈਂ ਤੁਹਾਨੂੰ ਕਿਹਾ ਸੀ ਥੋੜੀਆਂ ਆਇਓ, ਤੁਸੀਂ ਸਾਰਾ ਵੱਗ ਹੀ ਤੁਰ ਆਇਆ।"

"ਕੋਈ ਨਹੀਂ, ਬਾਬਾ! ਤੂੰ ਮਿਹਨਤ ਸਾਨੂੰ ਥੋੜੀਆਂ ਦੀ ਹੀ ਦੇ ਦਈਂ, ਅਸੀਂ ਆਪਣੀਆਂ ਭਰੀਆਂ 'ਚੋਂ ਹੀ ਵੰਡ ਲਮਾਂਗੀਆਂ।" ਸੇਮੋ ਨੇ ਲੰਬੜਦਾਰ ਦੀ ਗੱਲ ਬੋਚ ਲਈ। ਲੰਬੜਦਾਰ ਨੂੰ ਕੋਈ ਗੱਲ ਨਾ ਅਹੁੜੀ ਉਹ ਬੰਨਾ ਤੇ ਬੈਠਾ ਖਿਝੀ ਹੀ ਗਿਆ।

ਵਾਢੀ ਸ਼ੁਰੂ ਕਰਨ ਲੱਗਿਆਂ ਹੀ ਉਨ੍ਹਾਂ ਨੇ ਸਲਾਹ ਬਣਾ ਲਈ ਕਿ ਕੰਮ ਸਾਰੀਆਂ ਨੇ ਥੋੜੀਆਂ ਜਿੰਨਾ ਹੀ ਕਰਨਾ ਹੈ। ਉਹ ਬੇਪਰਵਾਹੀ ਨਾਲ ਗੱਲਾਂ ਕਰੀ ਜਾ ਰਹੀਆਂ ਸਨ। ਉਨ੍ਹਾਂ ਨੂੰ ਹੌਲੀ ਹੌਲੀ ਦਾਤੀ ਫੇਰਦਿਆਂ ਵੇਖ ਲੰਬੜਦਾਰ ਕੋਲੋਂ ਰਿਹਾ ਨਾ ਗਿਆ ਤੇ ਉਹ ਛੋਟੀ ਉਮਰ ਦੀ ਕੁੜੀ ਨੂੰ ਮੋਢਿਉਂ ਫੜ ਕੇ ਉਠਾਲਦਿਆਂ ਬੋਲਿਆ, "ਚੱਲ ਉੱਠ, ਦੌੜ ਜਾ ਘਰ ਨੂੰ, ਕੰਮ ਧੇਲੇ ਦਾ ਨਹੀਂ ਕਰਨਾ, ਭਰੀ ਸਾਰਿਆਂ ਤੋਂ ਭਾਰੀ ਮੰਗੂਗੀ।" ਕੁੜੀ ਨਿਮੋਝੂਣੀ ਹੋਈ ਉੱਠ ਖਲੋਤੀ।

ਸਾਰੀਆਂ ਕੁੜੀਆਂ ਵਾਢੀ ਛੱਡ ਉੱਠ ਖੜੀਆਂ ਹੋਈਆਂ। ਉਨ੍ਹਾਂ ਨੂੰ ਕੰਮ ਛਡਦੀਆਂ ਦੇਖਦੇ ਸਾਰ ਹੀ ਲੰਬੜਦਾਰ ਤਾਅ ਖਾ ਗਿਆ।

"ਕੀ ਹੋ ਗਿਆ ਤੁਹਾਨੂੰ ਕੁੱਤੀ ਜਾਤ ਨੂੰ; ਕੰਮ ਨੂੰ ਜੀ ਨਹੀਂ ਸੀ ਕਰਦਾ ਤਾਂ ਘਰੋਂ ਈ ਨਾ ਮਰਦੀਆਂ।"

"ਸ਼ਕਲ ਤਾਂ ਤੇਰੀ ਵੀ ਬਾਬਾ ਸਾਡੇ ਵਰਗੇ ਈ ਆ, ਤੇਰੀ ਜਾਤ ਵੀ ਤਾਂ ਫਿਰ ਕੁਤੀ ਈ ਹੋਈ।" ਵੱਡੀ ਉਮਰ ਦੀਆਂ ਬੁੜ੍ਹੀਆਂ ਦੇ ਰੋਕਦਿਆਂ ਰੋਕਦਿਆਂ ਵੀ ਸੇਮੋ ਬੋਲ ਪਈ। ਉਨ੍ਹਾਂ ਨੂੰ ਸੇਮੋ ਦਾ ਇੰਝ ਬੋਲਣਾ ਬਹੁਤ ਵੱਡਾ ਅਪਰਾਧ ਲੱਗਾ ਸੀ।

"ਤੇਰੀ ਭੈਣ ਦੀ......ਨਿਕਲ ਜਾ ਮੇਰੇ ਖੇਤ ਚੋਂ ਬਾਹਰ, ਸਾਲੀ ਬੋਲਦੀ ਕਿੱਦਾਂ ਆ।" ਲੰਬੜਦਾਰ ਆਪੇ ਤੋਂ ਬਾਹਰ ਹੋ ਗਿਆ।

ਸੇਮੋ ਨੇ ਨਾਲ ਹੀ ਸਾਰੀਆਂ ਕੁੜੀਆਂ ਨੇ ਦਾਤੀਆਂ ਤੇ ਚਾਦਰਾਂ ਚੁਕ ਲਈਆਂ।

"ਅਸੀਂ ਤੇਰੇ ਪੱਠਿਆਂ ਨੂੰ ਅੱਗ ਨਹੀਂ ਲਾਉਂਦੀਆਂ; ਮਿੰਨਤਾਂ ਪਾ ਪਾ ਤਾਂ ਲਿਆਉਂਨਾ ਹੁੰਨਾਂ ਏਂ।" ਸੇਮੋ ਦੇ ਥਾਂ ਕੋਈ ਹੋਰ ਕੁੜੀ ਬੋਲੀ।

ਲੰਬੜਦਾਰ ਨੂੰ ਮਾਮਲਾ ਖਰਾਬ ਹੁੰਦਾ ਦਿਸਿਆ। ਉਹਨੇ ਝੱਟ ਰੁਖ ਬਦਲ ਲਿਆ। ਵੱਡੀ ਉਮਰ ਦੀ ਪ੍ਰਕਾਸ਼ੋ ਨੂੰ ਅੱਗਿਉਂ ਵਲਦਿਆਂ ਉਹ ਬੋਲਿਆ।" ਪ੍ਰਕਾਸ਼ੋ ਤੂੰ ਸਿਆਣੀ ਏਂ। ਇਹਨੂੰ ਜਾਣ ਦੇ; ਬਾਕੀਆਂ ਨੂੰ ਮੋੜ ਲਿਆ। ਆਪਣੇ ਪੱਠੇ ਤੇ ਲੈਂਦੀਆਂ ਜਾਣ; ਮੇਰੇ ਸਿਰ ਭਾਰ ਕਿਉਂ ਚੜ੍ਹਾਉਂਣਾ।"

ਲੰਬੜਦਾਰਾ ਤੈਨੂੰ ਜਵਾਨ ਕੁੜੀਆਂ ਨੂੰ ਗਾਲ੍ਹਾਂ ਨਹੀਂ ਸੀ ਕੱਢਣੀਆਂ ਚਾਹੀਦੀਆਂ; ਸਾਡੀ ਗੱਲ ਉਹ ਕਿਥੇ ਮੰਨਦੀਆਂ," ਦਿਲੋਂ ਪ੍ਰਕਾਸ਼ੋ ਚਾਹੁੰਦੀ ਸੀ ਕਿ ਲੰਬੜਦਾਰ ਨਾਲ ਵਿਗਾੜੀ ਨਾ ਜਾਵੇ।

ਅੱਗੇ ਬਿਸ਼ਨਾ ਤੇ ਮਹਿੰਗਾ ਕੁੜੀਆਂ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਜਦ ਗੱਲ ਬਣਦੀ ਨਾ ਦਿਸੀ ਤਾਂ ਬਿਸ਼ਨਾ ਆਪਣੀ ਕੁੜੀ ਤੇ ਭਤੀਜੀ ਨੂੰ ਦਬਕਦਿਆਂ ਕਹਿਣ ਲੱਗਾ, ਤੁਸੀਂ ਮੁੜੋ ਖੇਤ ਨੂੰ; ਇੰਨਾ ਰੰਡੀਆਂ ਨੂੰ ਜਾਣ ਦਿਉ। ਇਹ ਤੁਹਾਡੀਆਂ ਕੀ ਲਗਦੀਆਂ; ਆਪਣਾ ਨਹੀਂ ਸਰਦਾ ਸਰਦਾਰਾਂ ਨਾਲ ਵਿਗਾੜਿਆਂ।"

"ਬਾਪੂ! ਇਹ ਸਾਡੀਆਂ ਸਭ ਕੁਝ ਲਗਦੀਆਂ, ਤੂੰ ਕਰੀ ਜਾ ਵਗਾਰ ਇਨ੍ਹਾਂ ਦੀ।" ਬਿਸ਼ਨੇ ਦੀ ਕੁੜੀ ਉਹਨੂੰ ਝਈ ਲੈ ਕੇ ਪਈ। ਆਪਣੀ ਕੁੜੀ ਹੱਥੋਂ ਬੇਇਜ਼ਤੀ ਕਰਾ ਉਪ ਚੁਪ ਚਾਪ ਟਰਾਲੀ ਕੋਲ ਆ ਕੇ ਖੜ੍ਹ ਗਿਆ।

ਕੋਈ ਚਾਰਾ ਨਾ ਚਲਦਾ ਵੇਖ ਲੰਬੜਦਾਰ ਦੀ ਹਲੀਮੀ ਫਿਰ ਗੁੱਸੇ ਵਿਚ ਬਦਲ ਗਈ।

"ਮੈਂ ਦੇਖੂੰ ਤੁਹਾਡਾ ਕਿੰਨਾ ਚਿਰ ਗੁਜ਼ਾਰਾ ਹੁੰਦਾ। ਪਿਉ ਦੇ ਖੇਤਾਂ 'ਚ ਵੜੀਆਂ ਤਾਂ ਲੱਤਾਂ ਬੜੂੰ ਤੁਹਾਡੀਆਂ।"

"ਤੂੰ ਖੇਤਾਂ ਨੂੰ ਵਾੜ ਕਰ ਲੀਂ। ਪਿੰਡ ਵਸਦਾ ਏ। ਸਾਰੇ ਤੇਰੇ ਵਰਗੇ ਕਮੀਨੇ ਨਹੀਂ।" ਸੇਮੋ ਨੇ ਲੰਬੜਦਾਰ ਤੋਂ ਦੂਰ ਹੋਣ ਕਰਕੇ ਉੱਚੀ ਬੋਲਕੇ ਗੱਲ ਕਹੀ।

ਹੌਲੀ ਹੌਲੀ ਕੁੜੀਆਂ ਖੇਤੋਂ ਬਾਹਰ ਹੋ ਗਈਆਂ। ਵੱਡੀ ਉਮਰ ਦੀਆਂ ਬੁੜ੍ਹੀਆਂ ਵੀ ਨੀਵੀਂ ਪਾਈ ਉਨ੍ਹਾਂ ਦੇ ਮਗਰ ਤੁਰ ਪਈਆਂ ਤੇ ਉਹ ਲੰਬੜਦਾਰ ਦੇ ਰੋਕਦਿਆਂ ਵੀ ਰੁਕੀਆਂ ਨਹੀਂ ਸਨ। ਲੰਬੜਦਾਰ ਖਾਲੀ ਟਰਾਲੀ ਨੂੰ ਬਿੱਟ ਬਿੱਟ ਦੇਖ ਰਿਹਾ ਸੀ।

o

---

*ਕਹਾਣੀ*

# ਇੱਕ ਟੀਨ ਘਿਉ ਦਾ

ਹਰਜਿੰਦਰ ਸਿੰਘ ਸੂਰੇਵਾਲੀਆ

ਭਜਨਾ ਪੂਰਾ ਜ਼ੋਰ ਲਾ ਕੇ ਸਾਈਕਲ ਚਲਾ ਰਿਹਾ ਸੀ। ਪਿੱਛੇ ਉਸਦਾ ਬਾਪੂ ਰੁਲੀਆ ਬੈਠਾ ਸੀ। ਪੁਰਾਣਾ ਸਾਈਕਲ ਗੱਡੇ ਦੀ ਤਰ੍ਹਾਂ ਚੀਕੂੰ ਚੀਕੂੰ ਕਰ ਰਿਹਾ ਸੀ। ਸ਼ਾਇਦ ਮਗਰਲਾ ਟਾਇਰ ਮਡਗਾਰਡ ਨਾਲ ਲੱਗ ਰਿਹਾ ਸੀ। ਸੂਰਜ ਭਾਵੇਂ ਪੂਰਾ ਉੱਚਾ ਨਹੀਂ ਸੀ ਹੋਇਆ ਪਰ ਗਰਮੀ ਵਾਹਵਾ ਹੋ ਗਈ ਸੀ।

"ਬਾਪੂ, ਉਹ ਅੱਜ ਦੇ ਤਾਂ ਦੇਣਗੇ ਨਾ?" ਸਾਈਕਲ ਇੱਕ ਗੱਡੇ ਦੇ ਮੂਹਰੇ ਲੰਘਾ ਕੇ ਭਜਨੇ ਨੇ ਪਿੱਛੇ ਬੈਠੇ ਰੁਲੀਏ ਨੂੰ ਪੁੱਛਿਆ।

"ਕੀ ਪਤਾ ਕੰਜਰਾਂ ਦਾ, ਇੱਕ ਦਿਹਾੜੀ ਤਾਂ ਕੱਲ ਗਾਲਤੀ।" ਰੁਲੀਏ ਨੇ ਜੇਬ ਵਿਚਲੇ ਨੋਟਾਂ ਨੂੰ ਵੇਖਦੇ ਹੋਏ ਜਵਾਬ ਦਿੱਤਾ।

ਭਜਨਾ ਸਾਈਕਲ ਚਲਾਉਂਦਾ ਰਿਹਾ। ਇਸ ਤੋਂ ਬਾਅਦ ਦੋਨਾਂ ਪਿਓ ਪੁੱਤਾਂ ਵਿਚ ਕੋਈ ਗੱਲ ਨਾ ਹੋਈ।

ਰੁਲੀਆ ਮਜ਼ਬੀ ਸਿੱਖ ਸੀ। ਅਧਖੜ ਜਿਹੀ ਉਮਰ ਦਾ। ਐਤਕੀਂ ਹਾੜ ਦੇ ਮਹੀਨੇ ਉਸ ਨੇ ਆਪਣੀ ਕੁੜੀ ਦਾ ਵਿਆਹ ਬੰਨਿਆ ਹੋਇਆ ਸੀ। ਵਿਆਹ ਵਿਚ ਦਿਨ ਭਾਵੇਂ ਕਾਫੀ ਰਹਿੰਦੇ ਸਨ। ਪਰ ਉਹ ਸੀਧਾ ਪੱਤਾ ਇਕੱਠਾ ਕਰਨ ਲੱਗ ਪਏ ਸਨ।

ਭਜਨਾ ਤੇ ਰੁਲੀਆ ਅੱਜ ਘਿਉ ਲੈਣ ਜਾ ਰਹੇ ਸਨ। ਗਰੀਬਾਂ ਨੇ ਕੋਈ ਪੰਦਰਾਂ ਵੀਹ ਟੀਨ ਤਾਂ ਲਾਉਣੇ ਨਹੀਂ ਸਨ। ਬੱਸ ਇੱਕ ਟੀਨ ਨਾਲ ਹੀ ਸਰ ਜਾਣਾ ਸੀ। ਘਰੇ ਸਲਾਹ ਬਣ ਗਈ ਕਿ ਘਿਉ ਸੁਸਾਇਟੀ ਵਾਲਿਆਂ ਤੋਂ ਲਿਆਂਦਾ ਜਾਵੇ। ਇਹ ਘਿਉ ਸਸਤਾ ਵੀ ਹੁੰਦਾ ਹੈ ਤੇ ਵਧੀਆ ਵੀ। ਰੁਲੀਆ ਤਾਂ ਚਾਹੁੰਦਾ ਸੀ ਕਿ ਘਿਉ ਦਾ ਟੀਨ ਮਹਿੰਗਾ ਸਸਤਾ ਸ਼ਹਿਰੋਂ ਲੈ ਆਵਾਂਗੇ ਪਰ ਭਜਨੇ ਦੀ ਮਾਂ ਨੇ ਪੱਟੀ ਨਾ ਬੱਝਣ ਦਿੱਤੀ।

"ਗਰੀਬਾਂ ਨੂੰ ਸੁਸਾਇਟੀ ਵਾਲੇ ਕੀ ਲਈ ਬੈਠੇ ਐ।" ਰੁਲੀਏ ਨੇ ਘਰਵਾਲੀ ਨੂੰ ਸਮਝਾਇਆ।

"ਲੈ ਦੇਣਗੇ ਕਿਵੇਂ ਨਾ, ਜਦੋਂ ਕਾਰਡ ਆਪਣੇ ਕੋਲ ਹੋਏ। ਭਜਨੇ ਦੀ ਮਾਂ ਨੇ ਵਿਸ਼ਵਾਸ ਨਾਲ ਕਿਹਾ।

"ਚੰਗਾ ਫਿਰ ਭਾਲ ਲੈ ਕਾਰਡ।" ਰੁਲੀਏ ਨੇ ਵੀ ਘਰਵਾਲੀ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ।

ਭਜਨੇ ਦੀ ਮਾਂ ਨੇ ਉਸੇ ਦਿਨ ਛੇ ਸੱਤ ਘਰਾਂ ਦੇ ਰਾਸ਼ਨ ਕਾਰਡ ਇਕੱਠੇ ਕਰ ਲਿਆਈ ਤੇ ਰੁਲੀਏ ਦੇ ਹੱਥ ਫੜਾ ਦਿੱਤੇ।

ਰਾਸ਼ਨ ਕਾਰਡ ਲੈ ਕੇ ਰੁਲੀਆ ਸੈਕਟਰੀ ਦੇ ਜਾ ਦੁਆਲੇ ਹੋਇਆ।

"ਬਾਬਾ ਅੱਜ ਤੇਰੇ ਪਿੰਡ ਦੀ ਵਾਰੀ ਨੀਂ ਕੱਲ ਨੂੰ ਆਵੀਂ।" ਤਿੰਨ ਚਾਰ ਘੰਟੇ ਬਠਾ ਕੇ ਸੈਕਟਰੀ ਨੇ ਰੁਲੀਏ ਨੂੰ ਮੋੜ ਦਿੱਤਾ।

ਅਗਲੇ ਦਿਨ ਰੁਲੀਏ ਨੇ ਭਜਨੇ ਨੂੰ ਵੀ ਦਿਹਾੜੀ ਨਾ ਜਾਣ ਦਿੱਤਾ। ਦੋਵੇਂ ਪਿਓ ਪੁੱਤ ਸਵੇਰੇ ਸਵੇਰੇ ਹੀ ਸੁਸਾਇਟੀ ਦੇ ਦਫਤਰ ਜਾ ਪਹੁੰਚੇ। ਸੈਕਟਰੀ ਤੇ ਤੇ ਸੇਲਜ਼ਮੈਨ ਅਜੇ ਆਏ ਨਹੀਂ ਸਨ। ਦਸ ਵਜ ਚੁੱਕੇ ਸਨ ਤੇ ਰਾਸ਼ਨ ਲੈਣ ਵਾਲਿਆਂ ਦਾ ਕਾਫੀ ਇਕੱਠ ਹੋ ਗਿਆ ਸੀ। ਸਾਢੇ ਦਸ ਵਜੇ ਸੈਕਟਰੀ ਸਾਹਿਬ ਆਏ ਆਏ ਤੇ ਵੱਡੇ ਅਫਸਰਾਂ ਵਾਂਗ ਬਿਨਾਂ ਕਿਸੇ ਨਾਲ ਅੱਖ ਮਿਲਾਏ ਸਿੱਧੇ ਦਫਤਰ ਜਾ ਬੈਠੇ।

ਸੈਕਟਰੀ ਤੇ ਸੇਲਜ਼ਮੈਨ ਦਫ਼ਤਰ ਵਿਚ ਗੱਲੀ ਜੁੱਟ ਗਏ ਤੇ ਸੇਵਾਦਾਰ ਨੇ ਸਟੋਵ ਤੇ ਚਾਹ ਧਰ ਦਿੱਤੀ।

"ਅੱਜ ਬਾਰਾਂ ਵਜੇ ਤੀਕ ਭੁੱਟੀਵਾਲੇ ਨੂੰ ਘਿਓ ਮਿਲੇਗਾ ਤੇ ਸ਼ਾਮ ਨੂੰ ਕੋਨੀ ਦੀ ਵਾਰੀ ਐ।" ਚਾਹ-ਚੂਹ ਪੀ ਕੇ ਸੇਲਜ਼ਮੈਨ ਨੇ ਰਾਸ਼ਨ ਲੈਣ ਵਾਲਿਆਂ ਦੀ ਭੀੜ ਨੂੰ ਫ਼ੁਰਮਾਨ ਸੁਣਾ ਦਿੱਤਾ।

ਰੁਲੀਏ ਹੁਰਾਂ ਦੀ ਵਾਰੀ ਵੀ ਸ਼ਾਮ ਨੂੰ ਹੀ ਸੀ। ਦੁਪਹਿਰ ਉਹਨਾਂ ਨੇ ਉਥੇ ਹੀ ਕਿੱਕਰ ਥੱਲੇ ਢਾਲ ਲਈ।

ਲਾਈਨ ਵਿਚ ਖੜੇ ਰੁਲੀਏ ਦੀ ਜਦੋਂ ਵਾਰੀ ਆਈ ਤਾਂ ਸੈਕਟਰੀ ਸਾਹਿਬ ਨੇ ਉਸ ਦੇ ਸੱਤੇ ਕਾਰਡ ਪਰੇ ਵਗ੍ਹਾਹ ਮਾਰੇ।

"ਢਾਈ ਤਾਂ ਕਾਰਡ ਐ ਤੇਰੇ ਕੋਲ ਤੇ ਤੂੰ ਭਾਲਦੈਂ ਪੂਰਾ ਟੀਨ।" ਸੈਕਟਰੀ ਨੂੰ ਪਤਾ ਸੀ ਕਿ ਰੁਲੀਆ ਮਜ਼ਬੀ ਸਿੱਖ ਹੈ।

"ਸੰਰਦਾਰ ਜੀ ਹੋਰ ਕਿੰਨੇ ਕੁ ਕਾਰਡ ਲੈ ਕੇ ਆਈਏ ?" ਰੁਲੀਏ ਨੇ ਹੱਥ ਬੰਨ੍ਹ ਕੇ ਪੁੱਛਿਆ।

"ਡੂੜ ਸੌ ਗਰਾਮ ਦਿੰਨੇ ਆਂ ਜੀ ਦਾ। ਘੱਟੋ ਘੱਟ ਪੰਦਰਾਂ ਸੋਲਾਂ ਕਾਰਡ ਲਿਆ।" ਸੈਕਟਰੀ ਨੇ ਰਜਿਸਟਰ ਅਲਮਾਰੀ ਵਿਚ ਰਖਦੇ ਹੋਏ ਆਖਿਆ।

ਬਰਾਦਰੀ ਦੇ ਘਰਾਂ ਦੇ ਕਾਰਡ ਤਾਂ ਉਹਨਾਂ ਨੇ ਪਹਿਲਾਂ ਹੀ ਮੰਗ ਲਿਆਂਦੇ ਸਨ। ਹੁਣ ਜੱਟਾਂ ਦੇ ਘਰੋਂ ਕਾਰਡ ਮੰਗਣੇ ਪੈਂਦੇ ਸਨ। ਚਲੋ ਕੁੜੀ ਦਾ ਵਿਆਹ ਕਰਨੈਂ ਕਿਹੜਾ ਕਿਸੇ ਨੇ ਜਵਾਬ ਦੇਣੈਂ। ਇਸੇ ਹੌਂਸਲੇ ਨਾਲ ਭਜਨੇ ਦੀ ਮਾਂ ਜੱਟਾਂ ਦੇ ਘਰੋਂ ਕਾਰਡ ਮੰਗਣ ਤੁਰ ਪਈ।

ਕਈ ਜੱਟੀਆਂ ਨੇ ਤਾਂ ਰਾਸ਼ਨ ਕਾਰਡ ਨਾ ਹੀ ਦਿੱਤੇ ਤੇ ਜੇ ਕਿਸੇ ਨੇ ਦਿੱਤਾ ਤਾਂ ਗੱਡੇ ਜਿੱਡਾ ਸਿਰ ਤੇ ਅਹਿਸਾਨ ਚਾੜ੍ਹ ਕੇ। ਕਿਸੇ ਨੇ ਕਿਹਾ ਕਿ ਤੂੰ ਸਾਡੇ ਗੋਹਾ ਕੂੜਾ ਨੀ ਕਰਨ ਆਈ ਸੀ ਤੇ ਕਿਸੇ ਨੇ ਉਲਾਂਭਾ ਦਿੱਤਾ ਕਿ ਤੁਹਾਨੂੰ ਕਿੰਨੀ ਵਾਰੀ ਦਿਹਾੜੀ ਜਾਣ ਨੂੰ ਕਿਹਾ ਸੀ ਪਰ ਤੇਰਾ ਮੁੰਡਾ ਇੱਕ ਦਿਨ ਵੀ ਨੀ ਸਾਡੇ ਦਿਹਾੜੀ ਗਿਆ ਤੇ ਤੂੰ ਆਪ ਵੀ ਸਾਡੇ ਨਰਮਾਂ ਚੁਗਾਉਣ ਨੀਂ ਗਈ ਸੀ, ਭਾਂਤ ਭਾਂਤ ਦੇ ਮਿਹਣੇ ਸੁਣਕੇ ਭਜਨੇ ਦੀ ਮਾਂ ਨੇ ਬਾਕੀ ਰਹਿੰਦੇ ਕਾਰਡ ਇਕੱਠੇ ਕਰ ਲਏ ਸਨ।

ਰੁਲੀਏ ਨੇ ਸਾਰੇ ਰਾਸ਼ਨ ਕਾਰਡ ਇੱਕ ਕਪੜੇ ਦੇ ਝੋਲੇ ਵਿੱਚ ਪਾ ਲਏ ਸਨ। ਸੌ ਦੇ ਦੋ ਨੋਟ ਵੀ ਉਸਦੀ ਜੇਬ ਵਿੱਚ ਸਨ। ਭਜਨੇ ਨੂੰ ਡਰ ਸੀ ਕਿ ਕਿਤੇ ਅੱਜ ਵੀ ਸੈਕਟਰੀ ਲਾਰਾ ਲਾ ਕੇ ਨਾਂ ਮੋੜ ਦੇਵੇ।

ਕੱਲ ਦੀ ਤਰਾਂ ਉਹਨਾਂ ਨੇ ਪਹਿਲਾਂ ਹੀ ਜਾ ਸਾਈਕਲ ਖੜਾ ਕੀਤਾ। ਸੈਕਟਰੀ ਉਸੇ ਟਾਈਮ ਹੀ ਆਇਆ। ਅੱਜ ਤਾਂ ਉਹਨਾਂ ਦੇ ਪਿੰਡ ਦੀ ਵਾਰੀ ਸੀ। ਭੀੜ ਵੀ ਕੋਈ ਬਹੁਤੀ ਨਹੀਂ ਸੀ। ਰੁਲੀਆ ਲਾਈਨ ਵਿੱਚ ਸਭ ਤੋਂ ਮੂਹਰੇ ਸੀ।

ਭਜਨਾ ਬਾਹਰ ਕਿੱਕਰ ਥੱਲੇ ਬੈਠਾ ਰਿਹਾ।

ਇੰਟਰਨੈਸ਼ਨਲ ਟਰੈਕਟਰ ਤੇ ਉਹਨਾਂ ਦੇ ਪਿੰਡ ਦਾ ਸਰਪੰਚ ਆਇਆ ਤੇ ਅੰਦਰ ਸੈਕਟਰੀ ਕੋਲ ਜਾ ਬੈਠਾ। ਲਾਈਨ ਵਾਲੇ ਬੰਦੇ ਉਸੇ ਤਰਾਂ ਧੁਪੇ ਖੜੇ ਵਾਰੀ ਦੀ ਉਡੀਕ ਕਰ ਰਹੇ ਸਨ। ਕੋਈ ਪੌਣੇ ਘੰਟੇ ਬਾਅਦ ਸਰਪੰਚ ਬਾਹਰ ਨਿਕਲਿਆ। ਸੇਲਜ਼ਮੈਨ ਨੇ ਆਪ ਹੀ ਟਰੈਕਟਰ ਦੀਆਂ ਲਿਫਟਾਂ ਤੇ ਰੱਸੇ ਨਾਲ ਦੋ ਟੀਨ ਘਿਉ ਦੇ ਬੰਨ ਦਿੱਤੇ।

"ਐ ਤੱਕੜੇ ਦਾ ਪਾਣੀ ਭਰਦੇ ਐ।" ਭਜਨੇ ਨੇ ਮਨ ਵਿੱਚ ਹੀ ਸੋਚਿਆ।

"ਸਰਪੰਚ ਨੇ ਘਿਓ ਕੀ ਕਰਨੈਂ ? ਪਾਠ ਦਾ ਭੋਗ ਤਾਂ ਇਹਨਾਂ ਦੇ ਪਿਛਲੇ ਮਹੀਨੇ ਹੀ ਪਿਐ। ਮੁੰਡਾ ਕੁੜੀ ਕੋਈ ਇਹਨੇ ਵਿਹਾਉਣਾ ਨੀਂ ਤੇ ਫਿਰ...ਲਿਹਾਜ਼ਾਂ ਹੀ ਪੂਰਣੀਆਂ ਹੋਣਗੀਆਂ।" ਭਜਨਾਂ ਬੈਠਾ ਬੈਠਾ ਸਰਪੰਚ ਬਾਰੇ ਹੋਰ ਕਾਫੀ ਕੁੱਝ ਸੋਚ ਜਾਂਦਾ ਜੇ ਰੁਲੀਏ ਨੇ ਉਸਨੂੰ ਅਵਾਜ਼ ਨਾਂ ਮਾਰੀ ਹੁੰਦੀ।

ਸੈਕਟਰੀ ਕੋਲ ਕਾਰਡ ਦਰਜ ਕਰਵਾ ਕੇ ਰੁਲੀਏ ਨੇ ਸੇਲਜ਼ਮੈਨ ਤੋਂ ਘਿਉ ਦਾ ਪੂਰਾ ਟੀਨ ਲੈ ਲਿਆ। ਭਜਨੇ ਨੇ ਟੀਨ ਚੁੱਕ ਕੇ ਸਾਈਕਲ ਦੀ ਮਗਰਲੀ ਕਾਠੀ ਤੇ ਬੰਨ ਲਿਆ।

ਦੋਵੇਂ ਪਿਓ ਪੁੱਤ ਪੂਰੇ ਖੁਸ਼ ਸਨ।

"ਭਲਾ ਬਾਪੂ ਆਪਾਂ ਨੂੰ ਇਸ ਟੀਨ ਵਿਚੋਂ ਕਿੰਨੇ ਰੁਪਈਏ ਬਚੇ ?" ਭਜਨੇ ਨੇ ਆਪਣੇ ਨਾਲ ਤੁਰੇ ਆਉਂਦੇ ਰੁਲੀਏ ਤੋਂ ਪੁੱਛਿਆ।

"ਜੇ ਇਹੀ ਟੀਨ ਆਪਾਂ ਸ਼ਹਿਰੋਂ ਲਿਆਉਂਦੇ ਤਾਂ ਪੂਰੇ ਪੰਜਾਹ ਰੁਪਈਏ ਵੱਧ ਲੱਗਦੇ।" ਰੁਲੀਏ ਨੂੰ ਘਿਓ ਦੇ ਟੀਨ ਦਾ ਬਜ਼ਾਰ ਦਾ ਭਾਅ ਪਤਾ ਸੀ।

"ਤੇ ਜਿਹੜੀਆਂ ਆਪਣੀਆਂ ਪੰਜ ਦਿਹਾੜੀਆਂ ਗਲਗੀਆਂ ? ਦੋ ਮੇਰੀਆਂ ਤੇ ਤਿੰਨ ਤੇਰੀਆਂ !" ਭਜਨੇ ਨੇ ਫੇਰ ਸਵਾਲ ਕਰ ਦਿੱਤਾ।

"ਹੁਣ ਦਿਹਾੜੀ ਬਾਰਾਂ ਰੁਪਏ ਐ ਤੇ ਪੰਜਾਂ ਦਿਹਾੜੀਆਂ ਦੇ ਬਣਗੇ ਪੂਰੇ ਤਿੰਨ ਵੀਹਾਂ ! ਫੇਰ ਤਾਂ ਆਪਾਂ ਨੂੰ ਦਸ ਰੁਪਏ ਘਾਟਾ ਹੀ ਪਿਐ।" ਰੁਲੀਏ ਨੇ ਜਦੋਂ ਹਿਸਾਬ ਕੀਤਾ ਤਾਂ ਹੈਰਾਨੀ ਵਿਚ ਉਸਦੀਆਂ ਅੱਖਾਂ ਚੌੜੀਆਂ ਹੋ ਗਈਆਂ।

ਹੁਣ ਉਹ ਦੋਵੇਂ ਬਿਨਾਂ ਗੱਲ ਬਾਤ ਕੀਤੇ ਉਦਾਸ ਉਦਾਸ ਘਰ ਨੂੰ ਆ ਰਹੇ ਸਨ। o

## ਪੰਜਾਬ ਲੋਕ ਸਭਿਆਚਾਰ ਮੰਚ ਦਾ ਅਗਲਾ ਸਮਾਗਮ

25 ਦਸੰਬਰ ਕੋਟਕਪੂਰਾ ਵਿਚ ਹੋ ਰਿਹਾ ਹੈ—ਦੁਪਹਿਰ 2 ਵਜੇ ਤੋਂ ਲੈਕੇ ਰਾਤ 12 ਵਜੇ—ਲੋਕ ਪਖੀ ਨਾਟਕ, ਗੀਤ ਤੇ ਕਵਿਤਾਵਾਂ ਦਾ ਇਕ ਵਡਾ ਸਮਾਗਮ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

ਮਿੰਨੀ ਕਹਾਣੀ—

# ਆਪਣਾ ਆਪਣਾ ਦੁੱਖ

○ ਅਮਰ ਆਫਤਾਬ

ਉਹ ਆਇਆ ਅਤੇ ਪਹਿਲਾਂ ਵਾਂਗ ਹੀ ਚੁੱਪ ਕਰਕੇ ਬੈਠ ਗਿਆ। ਮੈਂ ਓਸੇ ਹੀ ਬੇਰੌਣਕ, ਸੁੰਗੜੇ ਹੋਏ ਅਤੇ ਉਦਾਸ ਚਿਹਰੇ ਵਲ ਵੇਖਣ ਲਗਿਆ ਜਿਸ ਨੂੰ ਮੈਂ ਪਿਛਲੇ ਪੰਜ ਸਾਲਾਂ ਤੋਂ ਹਰ ਰੋਜ਼ ਹੋਰ ਕਮਜ਼ੋਰ ਅਤੇ ਹੋਰ ਉਦਾਸ ਹੁੰਦਿਆਂ ਵੇਖ ਰਿਹਾ ਹਾਂ। ਪੰਜ ਸਾਲ ਪਹਿਲਾਂ ਉਸ ਨੇ ਪੜ੍ਹਾਈ ਖਤਮ ਕੀਤੀ ਸੀ। ਓਦੋਂ ਉਸ ਨੇ ਕਿੱਥੇ ਸੋਚਿਆ ਸੀ ਕਿ ਪੜ੍ਹਾਈ ਖਤਮ ਹੋਣ ਦੇ ਨਾਲ ਹੀ ਜਵਾਨੀ ਦੇ ਦਿਨ ਖਤਮ ਹੋ ਰਹੇ ਹਨ। ਬੇਰੋਜ਼ਗਾਰੀ ਦੇ ਇਨ੍ਹਾਂ ਸਾਲਾਂ ਵਿਚ ਮੈਂ ਉਸ ਨੂੰ ਸਿਰਫ ਦੋ ਵਾਰ ਹੀ ਖੁਸ਼ ਦੇਖਿਆ ਹੈ। ਇਕ ਵਾਰ ਉਸ ਦਿਨ ਜਦੋਂ ਮਾਸਟਰੀ ਦਾ ਕੋਰਸ ਖਤਮ ਕਰਨ ਤੋਂ ਚਾਰ ਸਾਲ ਬਾਅਦ ਰੋਜ਼ਗਾਰ ਦਫਤਰ ਤੋਂ ਪਹਿਲੀ ਵਾਰ ਇੰਟਰਵੀਊ ਦੀ ਚਿੱਠੀ ਆਈ ਸੀ। ਦੂਜੀ ਵਾਰ ਓਦੋਂ ਜਦੋਂ ਤੀਜੀ ਇੰਟਰਵੀਊ ਵਿਚ ਉਸ ਨੂੰ ਨੰਬਰਾਂ ਦੇ ਆਧਾਰ ਤੇ ਵੇਟਿੰਗ ਲਿਸਟ ਵਿਚ ਰੱਖ ਲਿਆ ਗਿਆ ਸੀ। ਪਰ ਇਸ ਚੋਣ ਨੂੰ ਵੀ ਪੰਜ ਮਹੀਨੇ ਬੀਤ ਗਏ ਸਨ ਕਿਉਂਕਿ ਓਦੋਂ ਤੋਂ ਜ਼ਿਲੇ ਵਿਚ ਕੋਈ ਵੀ ਆਸਾਮੀ ਖਾਲੀ ਨਹੀਂ ਹੋਈ। ਹੁਣ ਉਹ ਹੋਰ ਵੀ ਬੇਚੈਨ ਸੀ ਕਿਉਂਕਿ ਮਹੀਨੇ ਕੁ ਤੱਕ ਚੋਣ ਦੀ ਮਿਆਦ ਵੀ ਖਤਮ ਹੋਣ ਵਾਲੀ ਹੈ।

ਅਜ ਮੈਂ ਉਸ ਦੀਆਂ ਮੁਸ਼ਕਲਾਂ ਬਾਰੇ ਗੱਲਾਂ ਕਰਨੀਆਂ ਨਹੀਂ ਚਾਹੁੰਦਾ। ਅਜ ਮੈਂ ਉਸ ਦਾ ਦੁੱਖ ਵੰਡਾਉਣ ਦੀ ਥਾਂ ਆਪਣਾ ਦੁੱਖ ਉਸ ਨੂੰ ਦੱਸ ਕੇ ਕੁਝ ਹਲਕਾ ਹੋਣਾ ਚਾਹੁੰਦਾ ਸੀ, ਪਰ ਮੇਰਾ ਦੁੱਖ ਵੰਡਾਉਣ ਦੀ ਬਜਾਏ ਓਹ ਮੈਨੂੰ ਅਜੀਬ ਉਲਝਣ ਵਿਚ ਫਸਾ ਕੇ ਉਡਦਾ ਹੋਇਆ ਚਲਾ ਗਿਆ ਹੈ।

ਉਸ ਦੇ ਬੋਲਣ ਤੋਂ ਪਹਿਲਾਂ ਹੀ ਮੈਂ ਗੱਲ ਤੋਰੀ ਸੀ—

"ਤੈਨੂੰ ਲਗ ਗਿਆ ਪਤਾ, ਮਾਸਟਰ ਵਿਨੋਦ ਦਾ ਐਕਸੀਡੈਂਟ ਹੋ ਗਿਆ?"

"ਨਾਂਹ ਮੈਨੂੰ ਤਾਂ ਨੀਂ ਪਤਾ ਲਗਿਆ, ਕਦੋਂ ਦੀ ਗੱਲ ਏ? ਫੇਰ ਕੀ ਹੋਇਆ? ਬਚ ਗਿਆ?"

ਮੈਂ ਉਸ ਨੂੰ ਸਾਰੀ ਗਲ ਦੱਸੀ ਕਿ ਕਿਵੇਂ ਐਕਸੀਡੈਂਟ ਹੋਇਆ ਅਤੇ ਕਿਵੇਂ ਉਹ ਹਸਪਤਾਲ ਦੇ ਰਾਹ ਵਿਚ ਹੀ ਦਮ ਤੋੜ ਗਿਆ। ਮੈਂ ਇਹ ਦੱਸਣ ਦੀ ਲੋੜ ਨਹੀਂ ਸਮਝੀ ਕਿ ਮੈਂ ਇਸ ਵੇਲੇ ਕਿੰਨਾ ਦੁਖੀ ਹਾਂ ਕਿਉਂਕਿ ਉਸ ਨੂੰ ਪਤਾ ਹੈ ਕਿ ਵਿਨੋਦ ਨਾਲ ਮੇਰੇ ਕਿੰਨੇ ਨਜ਼ਦੀਕੀ ਸਬੰਧ ਸਨ। ਉਸ ਦੀ ਵਿਨੋਦ ਨਾਲ ਮੇਰੇ ਰਾਹੀਂ ਹੀ ਵਾਕਫ਼ੀਅਤ ਹੋਈ ਸੀ। ਪਰ ਉਨ੍ਹਾਂ ਦੀ ਵਾਕਫ਼ੀਅਤ ਦੋਸਤੀ ਤਕ ਨਹੀਂ ਵਧੀ ਸੀ।

ਬਹੁਤ ਦੇਰ ਤੱਕ ਅਸੀਂ ਉਸ ਦੀਆਂ ਹੀ ਗਲਾਂ ਕਰਦੇ ਰਹੇ। ਮੈਂ ਦੱਸਦਾ ਰਿਹਾ ਕਿ ਵਿਨੋਦ ਕਿੰਨਾ ਵਧੀਆ ਮਨੁੱਖ ਸੀ, ਕਿ ਸਾਡੇ ਸਕੂਲ ਵਿਚ ਉਸ ਦੀ ਕੀ ਥਾਂ ਹੈ ਸੀ ਅਤੇ ਉਸ ਦੇ ਤੁਰ ਜਾਣ ਨਾਲ ਸਕੂਲ ਨੂੰ ਕਿੰਨਾ ਵੱਡਾ ਘਾਟਾ ਪਿਆ ਹੈ। ਫਿਰ ਅਸੀਂ ਉਸ ਦੀ ਪਤਨੀ ਅਤੇ ਬੱਚਿਆਂ ਉਪਰ ਪੈਣ ਵਾਲੀਆਂ ਮੁਸੀਬਤਾਂ ਦੀਆਂ ਗੱਲਾਂ ਕਰਦੇ ਰਹੇ।

ਜਦੋਂ ਸਾਡੀਆਂ ਗੱਲਾਂ ਮੁੱਕ ਗਈਆਂ ਤਾਂ ਇਕ ਸੋਗ ਭਰੀ ਚੁੱਪ ਕਮਰੇ ਵਿਚ ਤਣ ਗਈ। ਇਸ ਕਬਰਾਂ ਵਰਗੀ ਚੁੱਪ ਵਿਚ ਜਿਵੇਂ ਮੌਤ ਦੀ ਦਹਿਸ਼ਤ ਭਰੀ ਚੀਕ ਗੂੰਜ ਰਹੀ ਸੀ। ਉਹ ਕੁਰਸੀ ਉਪਰ ਬੈਠਾ ਸੀ ਅਤੇ ਮੈਂ ਮੰਜੇ ਉਪਰ ਕੂਹਣੀ ਭਾਰ ਪਿਆ ਸੀ। ਮੈਂ ਉਸਦੇ ਚਿਹਰੇ ਵਲ ਵੇਖਿਆ, ਉਥੇ ਵੀ ਉਸੇ ਸੋਚ ਦੀ ਪ੍ਰਤੀਬਿੰਬ ਸੀ ਜੋ ਮੇਰੇ ਅੰਦਰ ਪਸਰਿਆ ਪਿਆ ਸੀ। ਹੰਝੂਆਂ ਨੂੰ ਡੱਕਣ ਤੋਂ ਅਸਮਰਥ ਹੋ ਕੇ ਮੈਂ ਸਿੱਧਾ ਪੈ ਗਿਆ ਅਤੇ ਅੱਖਾਂ ਉਪਰ ਬਾਂਹ ਰੱਖ ਕੇ ਹੰਝੂਆਂ ਨੂੰ ਕੰਨਾਂ ਕੋਲ ਦੇ ਵਾਲਾਂ ਵਿਚ ਵਗੀ ਜਾਣ ਦਿੱਤਾ।

"ਗਲ ਸੁਣ" ਉਸ ਨੇ ਅਚਾਨਕ ਕਿਹਾ। ਉਸ ਦੀ ਆਵਾਜ਼ ਵਿਚ ਅਜਿਹੀ ਕਾਹਲੀ ਅਤੇ ਉਤਸੁਕਤਾ ਸੀ ਕਿ ਮੈਂ ਇਕ ਦਮ ਅੱਖਾਂ ਪੂੰਝ ਕੇ ਉਸ ਵਲ ਵੇਖਿਆ ਅਤੇ ਮੈਂ ਇੰਨਾ ਹੈਰਾਨ ਹੋਇਆ ਜਿਵੇਂ ਬੰਦਾ ਕਿਸੇ ਭਿਆਨਕ ਸੁਪਨੇ ਦੇ ਅੱਧ ਵਿਚੋਂ ਜਾਗ ਕੇ ਹੁੰਦਾ ਹੈ। ਮੇਰੇ ਸਾਹਮਣੇ ਜਿਵੇਂ ਕੋਈ ਹੋਰ ਹੀ ਬੰਦਾ ਬੈਠਾ ਸੀ। ਕੁਝ ਚਿਰ ਪਹਿਲਾਂ ਵਾਲਾ ਉਦਾਸ ਅਤੇ ਥੱਕਿਆ ਹੋਇਆ ਚਿਹਰਾ ਜਿਵੇਂ ਉਸ ਦੇ ਧੜ ਤੋਂ ਜਾਦੂਗਰ ਦੇ ਕਬੂਤਰ ਵਾਂਗ ਉੱਡ ਗਿਆ ਸੀ। ਉਸ ਦੇ ਨਵੇਂ ਉਪਰੇ ਅਤੇ ਉਤਸੁਕ ਚਿਹਰੇ ਉਪਰ ਕੁਝ ਪੁਛਣ ਦੀ ਕਾਹਲੀ ਹੀ ਸੀ ਤੇ ਝਿਜਕ ਵੀ।

"ਉਹ...ਵਿਨੋਦ ਤਾਂ...ਮੇਰੀ...ਮੇਰੇ ਵਾਲੀ ਪੋਸਟ ਉਪਰ ਹੀ ਸੀ। ਹੈ ਨਾ?"

ਜਦੋਂ ਮੈਂ ਹਾਂ ਵਿਚ ਸਿਰ ਹਿਲਾਇਆ ਤਾਂ ਉਸਦੇ ਚਿਹਰੇ ਤੋਂ ਬੇਚੈਨੀ ਅਤੇ ਉਤਸੁਕਤਾ ਦੇ ਭਾਵ ਵੀ ਉੱਡ ਗਏ ਅਤੇ ਉਹ ਖੁਸ਼ੀ ਨਾਲ ਇਸ ਤਰ੍ਹਾਂ ਲਿਸ਼ਕਣ ਲਗ ਪਿਆ ਜਿਵੇਂ ਸਾਡਾ ਚਿਹਰਾ ਸਰਦੀਆਂ ਵਿਚ ਕਈ ਦਿਨਾਂ ਪਿਛੋਂ ਸੂਰਜ ਨੂੰ ਵੇਖਣ ਤੇ ਚਮਕਦਾ ਹੈ। ○

## ਲੋਕ-ਬੋਲੀਆਂ

ਸੁਰਜੀਤ ਘੋਲੀਆਂ

੦

ਸੁਣੋ ਪਿਆਰੇ ਵੀਰ ਮੇਰਿਓ ! ਸੁਣ ਲਓ ਦਰਦ ਕਹਾਣੀ ।
ਦੱਸਣ ਲੱਗਾ ਦਿਲ ਭਰ ਭਰ ਆਵੇ, ਡੁਲ੍ਹੇ ਅੱਖਾਂ ਵਿਚੋਂ ਪਾਣੀ ।
ਸੁਣ ਉਏ ਕੇਹਰ ਸਿਆਂ, ਸੁਣ ਉਏ ਸ਼ੇਰ ਸਿਆਂ, ਸੱਚੀਆਂ ਕਰਕੇ ਜਾਣੀ ।
ਭਾਂਬੜ ਬਣ ਬਣ ਉਠਦੇ ਸੀਨੇ, ਲਾਟਾਂ ਕੰਨਾਂ ਥਾਣੀ ।
ਸੂਬੀਓਂ ਸੱਪ ਬਣਗੀ, ਬਣਕੇ ਕਾਂਗਰਸ ਰਾਣੀ ।

ਚੌਂਤੀ ਸਾਲ ਤਾਂ ਕਟ ਲੇ ਭਰਾਵੋ, ਝੂਠੀਆਂ ਆਸਾਂ ਕਰਕੇ ।
ਬੂਰਾ ਝੋਟਾ ਕੱਢਿਆ ਦੇਸ਼ 'ਚੋਂ, ਕਾਲਾ ਬਹਿ ਗਿਆ ਫੜਕੇ ।
ਢੁੱਡਾਂ ਮਾਰੇ, ਕਰੇ ਉਜਾੜਾ, ਨਾਲੇ ਬੂਹੇ ਅੱਗੇ ਬੜ੍ਹਕੇ ।
ਪੱਲੇ ਜੱਟਾਂ ਦੇ ਕੁਝ 'ਨੀਂ ਪੈਂਦਾ, ਹਲ ਜੋ ਜੋੜਣ ਤੜਕੇ ।
ਖਾੱਲੂੰ ਕੰਗਾਲੀ ਦਾ, ਗਲੋਂ ਗਲੋਂ ਆ ਗਿਆ ਚੜ੍ਹਕੇ ।

ਬਹੁਤੀਆਂ ਗੱਲਾਂ ਤਾਂ ਮੈਂ ਨਹੀਂ ਜਾਣਦਾ, ਸੱਚ ਦੀ ਸੁਣਾਵਾਂ ਮੋਟੀ ।
ਚੌਂਤੀ ਸਾਲ ਦੀ ਹੋਗੀ ਆਜ਼ਾਦੀ, ਮੈਨੂੰ ਦਿਸੇ ਕਲੋਟੀ ।
ਵਿਚ ਉਡੀਕਾਂ ਢਹਿਗੇ ਖੋਲੇ, ਲੀਰੋ ਲੀਰ ਲੰਗੋਟੀ ।
ਫਿਕਰਾਂ ਦੇ ਵਿਚ ਸੁਕਗੇ ਪਿੰਜਰ, ਦੁਰਲੱਭ ਹੋਗੀ ਰੋਟੀ ।
ਏਸ ਆਜ਼ਾਦੀ ਦਾ, ਮੁੱਲ ਨਾ ਦੁਆਨੀ ਖੋਟੀ ।

ਯੂ. ਪੀ. ਦਾ ਜੱਜ ਮੁਲ੍ਹਾਂ ਕਹਿ ਗਿਆ, ਮੈਂ ਨਾ ਕਹਾਂ ਵਧਾ ਕੇ ।
ਚੋਰ ਉਚੱਕੇ ਬਣੇ ਮਨਿਸਟਰ, ਵਿਚ-ਬਲੈਕ ਕਮਾ ਕੇ ।
ਦਿੱਲੀ ਤਾਈਂ ਰਿਸ਼ਵਤ ਚਲਦੀ; ਵੇਖ ਲਓ ਪਰਤਿਆ ਕੇ ।
ਕੜੇ-ਕਨੂੰਨ ਸਭੀ ਭੁੱਲ ਜਾਂਦੇ, ਨੋਟ ਜੇਬੀ ਪਾ ਕੇ ।
ਚੌਧਰ ਗੁੰਡਿਆਂ ਦੀ, ਪੁਲਸ ਮਾਰਦੀ ਡਾਕੇ ।

ਡਾਕੂ ਚੋਰ ਦਾ ਰਾਜ ਹੋ ਗਿਆ; ਸਭ ਨੂੰ ਨਜ਼ਰੀਂ ਆਉਂਦਾ ।
ਵਿਚ ਪਾੜ ਦੇ ਫੜਿਆ ਜਾਵੇ, ਆਣ ਵਜ਼ੀਰ ਛਡਾਉਂਦਾ ।
ਚੰਡੀਗੜ੍ਹ ਤੋਂ ਤਾਰਾਂ ਖੜਕਣ; ਠਾਣੇਦਾਰ ਘਬਰਾਉਂਦਾ ।
ਵੋਟਾਂ ਖਾਤਰ ਬਣਗੇ ਢਾਣੇ, ਸਭ ਸੌਦਾ ਹੈ ਗਓਂਦਾ ।
ਬਚ. ਸੁਰਜੀਤ ਸਿਆਂ, ਤੂੰ ਕਿਉਂ ਧੌਣ ਭੰਨਾਉਂਦਾ ।

ਖੱਦਰਪੋਸ਼ਾਂ ਲੁਟਲੀ ਦੁਨੀਆਂ, ਨਾਦੂ ਖਾਨ ਸਦਾਂਉਂਦੇ ।
'ਫ਼ੀਸਾਂ ਵਿਚ ਬਲੈਕਾਂ ਕਰਦੇ, ਘਰੇ ਸ਼ਰਾਬ ਕਢਾਉਂਦੇ ।
ਗਲ ਪਸਤੌਲਾਂ ਬੰਦੂਕਾਂ ਪਾ ਕੇ, ਰਿਸ਼ਵਤ ਫਿਰਨ ਦਵਾਉਂਦੇ ।
ਝੂਠੀਆਂ ਰੋਜ਼ ਉਗਾਹੀਆਂ ਭਰ ਕੇ, ਜੇਲ੍ਹੀਂ ਲੋਕ ਪਚਾਉਂਦੇ ।
ਮਾੜਾ ਕੀ ਕਰਲੂ, ਹੁਣ ਕਤਲ ਵਜ਼ੀਰ ਕਰਾਉਂਦੇ ।

ਪੇਟ ਭਰਨ ਨੂੰ ਮਰਦੇ ਵੀਰਨੋ ! ਇਹ ਨਾ ਦੇਸ਼ ਦੇ ਦਰਦੀ ।
ਦੋਹੀਂ ਹੱਥੀਂ ਲੁੱਟ ਲਏ ਭਰਾਵੋ, ਕਹਿਣ ਹਕੂਮਤ ਘਰ ਦੀ ।
ਪੁਲਸ ਟਾਊਟ ਦੇਸ਼ ਧਰੋਹੀਆਂ; ਪਾ ਲੀ ਖੱਦਰ ਦੀ ਵਰਦੀ ।
ਮੈਂ ਕੀ ਆਖਾਂ, ਰੋਜ਼ ਵੇਖਦੇ ਵਾੜ ਖੇਤ ਨੂੰ ਚਰਦੀ ।
ਮਾਰੀ ਦੁੱਖੜਿਆਂ ਦੀ, ਖਲਕਤ ਧਾਹ ਨਹੀਂ ਧਰਦੀ ।

ਚੋਣ ਕਰਤਾ :—ਸੁਰਜੀਤ ਬਰਾੜ

## ਇਕ ਭਈਆ

ਜਨਮੀਤ

੦

ਇਕ ਭਈਆ
ਜੋ ਕਦੇ
ਭਾਰਤ ਦੇ ਯੂ. ਪੀ. ਰਾਜ ਵਿਚ
ਰਹਿ ਰਿਹਾ ਸੀ
ਆਪਣੇ ਪਰਿਵਾਰ ਨਾਲ
ਮਾਂ ਨੇ ਉਸ ਨੂੰ ਆਖਿਆ,
'ਪਰਦੇਸ ਜਾਹ'
ਭੈਣ ਆਪਣੀ ਦਾ ਵਿਆਹ
ਕਰਨਾ ਹੈ ਤੂੰ
ਭੁੱਖ ਹੱਥੋਂ ਤੰਗ ਆ ਕੇ
ਬਾਪ ਤੇਰਾ ਕਰ ਗਿਆ ਜੋ ਖ਼ੁਦਕਸ਼ੀ
ਉਸਦੀ ਥਾਂ ਹੁਣ
ਜਿਉਂਦਿਆਂ ਮਰਨਾ ਹੈ ਤੂੰ ।

ਇਕ ਭਈਆ
ਜੋ ਅਜੇ
ਮਿਟੀ ਦੇ ਵਿਚ ਸੀ ਖੇਡਦਾ
ਹੋਰ ਕੁਝ ਭਈਆਂ ਦੇ ਨਾਲ
ਛਡਕੇ ਆਪਣੇ ਪਿੰਡ ਨੂੰ
ਪਰਿਵਾਰ ਨੂੰ
ਬਹਿ ਗਿਆ ਗੱਡੀ ਦੇ ਵਿਚ
ਪੰਜਾਬ ਲਈ ।

ਪੰਜਾਬ ਦਾ ਇਹ
ਰੇਲਵੇ ਟੇਸ਼ਣ ਸੀ ਜਾਂ
ਮੰਡੀ ਸੀ ਕੋਈ ਰੋਮ ਦੀ
ਜੇਸ ਵਿਚ ਇਨਸਾਨ ਵਿਕਦੇ
ਸੌ ਦੇ ਦੋ
ਵਿਕ ਗਿਆ ਭਈਆ ਵੀ
ਵਾਂਗੂੰ ਸਾਥੀਆਂ
ਆ ਗਿਆ ਸਰਦਾਰ ਦੇ ਘਰ
ਪਿੰਡ ਵਿਚ ।

ਸਰਦਾਰਨੀ ਨੇ ਆਖਿਆ
'ਭਈਆ ਜ਼ਰਾ ਬਾਲਣ ਫੜਾ'
ਵੱਡਾ ਮੁੰਡਾ ਬੋਲਿਆ
'ਭਈਆਂ ਤੂੰ ਪੱਠੇ ਵੱਢ ਲਿਆ'
ਛੋਟਾ ਮੁੰਡਾ ਬੋਲਿਆ

'ਭਈਆ ਕਰੀਂ ਪਾਲਿਸ਼ ਜ਼ਰਾ'
ਸਰਦਾਰਨੀ—
ਛੋਟੀ ਕੁੜੀ ਸਰਦਾਰ ਦੀ
ਬੋਲੀ, ਓ ਭਈਆ
ਭਰ ਲਿਆ ਪਾਣੀ
ਤੂੰ ਮੇਰੇ ਨ੍ਹਾਉਣ ਲਈ
ਸਰਦਾਰ ਨੇ ਇਕ ਗਾਹਲ
ਕਢ ਕੇ ਆਖਿਆ
'ਪੁੱਤ ਕੁੱਤੇ ਦਾ' ਇਹ ਭੁਈਆ
ਸਾਰਾ ਦਿਨ ਵਿਹਲਾ ਹੈਂ ਰੋਟੀ ਪਾੜਦਾ।

ਮਾਂ ਦਾ ਖ਼ਤ ਆਇਆ
ਕਿ ਬੇਟਾ
ਆਸ ਤੇਰੇ ਆਉਣ ਦੀ ਵਿਚ
ਕਟ ਰਹੇ ਹਾਂ ਦਿਨ ਅਸੀਂ
ਭੈਣ ਤੇਰੀ ਆਖ਼ਦੀ ਹੈ
ਸਹੇਲੀਆਂ ਨੂੰ ਚਾਅ ਦੇ ਨਾਲ
'ਵੀਰ ਮੇਰਾ ਲੈ ਕੇ ਆਵੇਗਾ ਪਾਜੇਬ
ਮਾਂ ਲਈ ਨੋਟਾਂ ਦੇ ਰੁੱਗ।

ਗੁਲਾਮ ਸੀ ਭਾਵੇਂ
ਉਹ ਪਰ ਇਨਸਾਨ ਸੀ
ਮਾਂ ਦਾ ਖ਼ਤ ਸੁਣਕੇ
ਉਹ ਭਾਵੁਕ ਹੋ ਗਿਆ
ਪਿੰਡ ਵਾਪਸ ਜਾਣ ਲਈ ਸਰਦਾਰ ਤੋਂ
ਮੰਗ ਲਏ ਪੈਸੇ ਉਸ ਆਪਣੀ ਕਿਰਤ ਦੇ।

"ਪੁੱਤ ਕੁੱਤੇ ਦਾ
ਹੈ ਨਖ਼ਰੇ ਕਰ ਰਿਹਾ
ਖਾਣ ਨਈਂ ਪਚਦਾ ਇਨੂੰ,
ਸਾਲ ਵੀ ਪੂਰਾ ਅਜੇ ਹੋਇਆ ਨਹੀਂ
ਯਾਰ ਮਾਂ ਦਾ,
ਮਾਂ ਨੂੰ ਚੇਤੇ ਕਰ ਰਿਹੈ।"
ਕੜਕਿਆ ਸਰਦਾਰ
ਜੁੱਤੀ ਲਾਹ ਲਈ
ਕੁੱਟ ਕੇ ਭਈਆ
ਘਰੋਂ ਦਿੱਤਾ ਨਸਾ।

ਆਪਣੇ ਹੀ ਦੇਸ਼ ਵਿਚ
ਪਰਦੇਸ ਵਿਚ
ਕੀ ਕਰੇ ਭਈਆ
ਵਿਚਾਰਾ ਕੀ ਕਰੇ ?
ਹੋਰ ਇਕ ਸਰਦਾਰ
ਉਸਨੂੰ ਵਰਗਲਾ
ਲੈ ਗਿਆ ਘਰ ਆਪਣੇ।

ਤੇ ਉਹ ਭਈਆ
ਜੋ ਕਦੇ
ਭਾਰਤ ਦੇ ਯੂ. ਪੀ. ਰਾਜ ਵਿਚ
ਰਹਿ ਰਿਹਾ ਸੀ ਆਪਣੇ ਪਰਿਵਾਰ ਨਾਲ
ਭਾਰਤ ਦੇ ਦੂਜੇ ਰਾਜ ਵਿਚ
ਪੰਜਾਬ ਵਿਚ
ਭੈਣ ਦੀ ਪਾਜੇਬ ਲਈ
ਮਾਂ ਦੀਆਂ ਸੱਧਰਾਂ ਲਈ
ਤੇ ਆਪਣੇ ਜੀਵਨ ਲਈ
ਵਿਕਦਾ ਰਿਹਾ
ਵਿਕਦਾ ਰਿਹਾ।

oo

## ਮੈਂ ਉਹ ਨਹੀਂ...

ਤਰਲੋਚਨ ਸਮਾਧਵੀ

o

ਮੈਂ ਉਹ ਨਹੀਂ
ਕਿ ਪਾਏਦਾਨ ਬਣਕੇ ਦਫਤਰ ਦੀਆਂ
ਬਰੂਹਾਂ ਅੱਗੇ ਵਿਛ ਜਾਵਾਂ
ਜਾਂ ਪੇਪਰ ਵੇਟ ਬਣਕੇ ਜਾਅਲੀ
ਫਾਈਲਾਂ ਉਪਰ ਟਿਕ ਜਾਵਾਂ
ਉਹ ਹੋਰ ਹੁੰਦੇ ਹਨ
ਜੋ ਖਿੜਕੀਆਂ 'ਤੇ ਟੰਗ ਦਿੰਦੇ ਹਨ ਆਪਣੀ ਜ਼ਮੀਰ ਦੇ
ਪਾਰਦਰਸ਼ੀ ਪਰਦੇ
ਨਰਮ ਸੋਫਿਆਂ 'ਤੇ ਲਿਟਾ ਦਿੰਦੇ ਹਨ ਆਪਣੇ ਸਵੈਮਾਨ ਦੀ
ਊਂਘਦੀ ਲਾਸ਼
ਮੈਂ ਉਹ ਨਹੀਂ
ਕਿ ਵਕਤੀ ਖੁਸ਼ੀ ਵਿਹਾਜਣ ਲਈ
ਦਫਤਰ ਵਿਚਲੇ ਵਕਤ ਨੂੰ
ਵਰਦੀ ਵਾਂਗ ਪਹਿਨ ਲਵਾਂ
ਉਹ ਹੋਰ ਹੁੰਦੇ ਹਨ
ਜਿਹੜੇ ਤਸਵੀਰ ਦਾ ਫਰੇਮ ਬਣਕੇ
ਕੰਧਾਂ ਤੇ ਚਿਪਕ ਜਾਂਦੇ ਹਨ
ਜਦੋਂ ਕਮਰੇ ਦੀ ਛੱਤ'ਚੋਂ ਬੌਣੀ
ਸੋਚ ਦੀ ਰਾਖ ਕਿਰਦੀ ਹੈ
ਤਾਂ ਮੇਰੇ ਮਨ ਦੀ ਕਨਵੈਸ 'ਤੇ
ਕਾਲੇ ਹਾਸ਼ੀਏ ਉਘੜ ਆਉਂਦੇ ਹਨ
ਜਦੋਂ ਮੇਰਾ ਕੁਲੀਗ ਲੰਗੜੀ
ਕੁਰਸੀ ਦਾ ਠੁੰਮਣਾ ਬਣਦਾ ਹੈ
ਤਾਂ ਮੇਰੇ ਅਹਿਸਾਸ ਦਾ ਚਿਹਰਾ
ਸੁੱਕੇ ਛਪੜ ਵਾਂਗ ਤਿੜਕ ਜਾਂਦਾ ਹੈ
ਹੁਣ ਜਦੋਂ ਮੇਰੀਆਂ ਖਮੋਸ਼ ਨਜ਼ਰਾਂ ਦੀ ਕਟਾਰ
ਦੇਹਲੀ ਤੇ ਉਭਰ ਆਉਂਦੀ ਹੈ
ਤਾਂ ਕੁਰਸੀ ਦੀ ਛੱਤ ਤੇ ਜਿਵੇਂ ਭਖੜਾ ਉਗ ਆਉਂਦਾ ਹੈ
ਮੈਂ ਉਹ ਨਹੀਂ
ਜੋ ਪਾਏਦਾਨ ਬਣਕੇ ਦਫਤਰ ਦੀਆਂ
ਬਰੂਹਾਂ ਅੱਗੇ ਵਿਛ ਜਾਵਾਂ

oo

## ਬੇਬੱਸ ਸ਼੍ਰੇਣੀ ਤੇ ਧੁੰਦ

ਅਜਮੇਰ ਗਿੱਲ

o

ਹਨੇਰੀਆਂ ਬਸਤੀਆਂ ਤੋਂ ਗਰੀਬ ਪਿੰਡਾਂ ਤੋਂ ਲੈਕੇ
ਧੁੰਦ ਪਰ ਫੈਲਾਉਂਦੀ ਹੈ
*ਵਿਧਾਨ ਸਭਾਵਾਂ ਤੋਂ ਰਾਜ-ਸਭਾਵਾਂ ਤੱਕ*
ਲੋਕ 1857 ਈ: ਤੋਂ ਬਾਅਦ
ਕਿੰਨੀ ਵਾਰ ਹੀ ,
ਆਪਣੀਆ ਰਫਲਾਂ 'ਚ ਅੜਕੇ ਡਿੱਗ ਚੁੱਕੇ ਹਨ
ਧੁੰਦ ਜਥੇਬੰਦ ਹਮਲਾ ਬੋਲਦੀ ਹੈ
ਛੋਟੀਆਂ ਛੋਟੀਆਂ ਧੁੱਪਾਂ ਦੀਆਂ ਟੁਕੜੀਆਂ ਤੇ
ਟੁਕੜੀਆਂ ਜੋ ਆਪਸ ਵਿਚ ਸੰਯੁਕਤ ਨਹੀਂ
ਦੁਰਭਾਗ ਦਾ ਦੂਸਰਾ ਨਾਮ ਹੀ ਹਨੇਰਾ ਹੁੰਦਾ ਹੈ
ਪਰ ਅਜੇ ਅਸਾਡੇ ਹਿੱਸੇ 'ਚ ਰਾਤ ਆਈ ਹੈ
ਬੇ-ਜ਼ਾਬਤਗੀ, ਜ਼ਿੱਲਤ ਤੇ ਖੁਆਰੀ
ਜੇ ਵਰਤਮਾਨ ਦਾ ਦਰਪਣ ਧੁੰਦਲਾ ਸੀ
ਤਾਂ ਅਸੀਂ ਬੀਤੇ ਦੇ ਖੂਹ ਵਿੱਚ ਹੀ ਚਿਹਰੇ ਵੇਖ ਲਏ ਹੁੰਦੇ?
ਠੀਕ ਹੈ !
ਧੁੰਦ ਵਿੱਚ ਨਕਸ਼ ਸਾਫ਼ ਸਾਫ਼ ਨਜ਼ਰ ਨਹੀਂ ਆਉਂਦੇ
ਪਰ ਅਸੀਂ ਆਪਣਾ ਮੂੰਹ ਵੀ ਕਦੋਂ ਧੁੱਪ ਨਾਲ ਧੋਤਾ ਸੀ ?
ਹੁਣ ਮਹਿਬੂਬ ਦੇ ਵਾਲਾਂ 'ਚ ਕਾਗਜ਼ ਦੇ
ਫੁੱਲ ਟੁੰਗਦਿਆਂ ਸ਼ਰਮ ਕਾਹਦੀ ?
ਅਣਕਮਾਈ ਬਹਾਰ ਮਨਮੂਈ ਹੁੰਦੀ ਹੈ ।
ਧੁੰਦ ਨੇ ਪਸਰਨਾ ਹੀ ਸੀ
ਮਨਾਂ ਤੋਂ ਲੈਕੇ ਅਸਮਾਨ ਤੱਕ
ਜਥੇਬੰਦ ਧੁੰਦ ਨੂੰ ਜਦੋਂ ਖਤਰਾ ਮਹਿਸੂਸ ਹੁੰਦਾ ਹੈ ।
ਉਹ ਸਰਹੱਦਾਂ ਤੋਂ ਰਫ਼ਲਾਂ ਹਮ-ਵਤਨਾਂ
ਵੱਲ ਵੀ ਕਰ ਲੈਂਦੀ ਹੈ
ਤੇ ਇਸ ਤਰ੍ਹਾਂ ਫੌਜ ਤੇ ਪੁਲਸ ਵਿਚਾਲੇ
ਕੋਈ ਬਹੁਤਾ ਅੰਤਰ ਨਹੀਂ ਹੁੰਦਾ ।
ਧੁੰਦ ਆਪਣੇ ਪਸਾਰ ਲਈ
ਪੰਜ ਸਾਲਾ ਯੋਜਨਾਵਾਂ ਬਣਾਉਂਦੀ ਹੈ
ਆਪਣੇ ਸੁਖ ਲਈ ਕਾਨੂੰਨ
ਤੇ ਆਪਣੀ ਰੱਖਿਆ ਲਈ ਬੰਬ
ਲੋਕ ਸਿਰਫ਼ ਅਨਾਜ ਪੈਦਾ ਕਰਦੇ ਹਨ ।
ਫੁੱਲ-ਫਲ ਜਾਂ ਮਨੁੱਖੀ ਸੁਵਿਧਾ ਲਈ ਮਸ਼ੀਨਾਂ
ਇਹਨਾਂ ਸਭ ਪੈਦਾਵਾਰਾਂ ਨੂੰ
ਧੁੰਦ ਅਹਿਮਦ ਸ਼ਾਹ ਅਬਦਾਲੀ ਵਾਂਗ ਲੁਟਦੀ ਹੈ
ਬੰਦੂਕ ਦੀ ਨੋਕ ਤੇ
ਇਸ ਤਰਾਂ ਧੁੰਦ ਇੱਕ ਸਨੇਹ ਰਹਿਤ ਉੱਚ ਸ਼੍ਰੇਣੀ ਹੈ
ਤੇ ਲੋਕ ਲੁੱਟੀ ਗਈ ਮੁਹੱਬਤ ਭਰੀ ਦਾਸਤਾਨ oo

## ਮੈਂ ਤੇ ਮੇਰਾ ਖੰਜਰ

ਜਤਿੰਦਰ ਜੌਲੀ

o

ਇਕ ਰਾਤ ਮੈਂ ਦੁਸ਼ਮਣਾਂ 'ਚ ਘਿਰਿਆ ਰਿਹਾ
ਇਕ ਖ਼ੌਫ਼ ਮੇਰੀ ਲਾਲਸਾ ਨੂੰ ਜ਼ਿਬਾਹ ਕਰਦਾ ਰਿਹਾ
ਮੇਰੀ ਸੁੱਤ-ਉਨੀਂਦੀ-ਅੱਖ ਪਿੱਛੇ
ਜਾਗੀ ਹੋਈ ਚੇਤਨਾ
ਯਖ਼ ਹੋਏ ਸ੍ਵੈ-ਵਿਰੋਧੀ ਮਾਹੌਲ 'ਚ
ਹਨੇਰੇ 'ਚ ਚਮਕਦੀਆਂ ਪੁਤਲੀਆਂ ਤੇ ਕੇਂਦਰਿਤ ਰਹੀ
ਜੋ ਮੇਰੇ ਹਥਿਆਰਾਂ ਨੂੰ
ਆਪਣੀ ਨਿਗਾਹ 'ਚ ਕੈਦ ਕਰਕੇ
ਪਹਿਰਾ ਦੇਂਦੀਆਂ ਰਹੀਆਂ...
ਮੇਰੇ ਅੰਦਰਲੀ ਬਗਾਵਤ ਦੀਆਂ ਲਹਿਰਾਂ
ਵਿਰੋਧੀ ਹਾਲਾਤ ਦੇ ਸੰਘਣੇਪਨ 'ਚ ਦੱਬ ਗਈਆਂ

ਫਾਂਸੀ ਦਾ ਫੰਦਾ ਚੁੰਮਦੇ
ਸ਼ਹੀਦਾਂ ਦੀ ਆਵਾਜ਼ ਨੇ
ਦੱਬੀਆਂ ਲਹਿਰਾਂ ਨੂੰ
ਫੇਰ ਉਛਾਲ ਦਿੱਤਾ
ਹਥਿਆਰਾਂ ਵਿਚਲੀ ਅੱਗ ਨੇ
ਇਨਕਲਾਬ ਦਾ ਨਾਹਰਾ ਮਾਰਿਆ...

ਮੇਰੇ ਜਿਸਮ 'ਚ ਹਰਕਤ ਹੋਈ
ਅੰਗਾਂ 'ਚ ਬਾਗ਼ੀ ਹਿਲੋਰਾ ਉੱਠਿਆ
ਮੇਰੀ ਪਕੜ ਖੰਜਰ ਤੇ ਹੋਰ ਮਜ਼ਬੂਤ ਹੋ ਗਈ...

ਪਹਿਲੇ ਹੀ ਵਾਰ ਹੇਠ
ਦੁਸ਼ਮਨ ਦਾ ਬੀਬਾ ਕਬੂਤਰ ਆਇਆ
ਅਮਨ ਦੀ ਸਫ਼ੈਦੀ ਤੇ ਸੁਰਖ਼ ਹਾਸ਼ੀਏ ਫੈਲੇ
ਪਰ ਉਨ੍ਹਾਂ ਦੇ ਘੇਰੇ 'ਚ ਉੱਕਰੀ
ਸਿਆਹ ਇਬਾਰਤ ਤੋਂ ਦਹਿਲ
ਮੇਰੇ ਹੱਥਾਂ ਵਿਚਲੇ ਇਨਕਲਾਬ ਨੇ
ਮੇਰਾ ਖੰਜਰ, ਮੇਰੇ ਹੀ ਸੀਨੇ 'ਚ ਖੋਭ ਦਿੱਤਾ

ਤਾਂ ਕਿ—
ਆਪਣੇ ਮਨ ਦਾ ਸੱਚ ਪੜ੍ਹ ਕੇ
ਉਨ੍ਹਾਂ 'ਹਮਦਰਦ' ਦੁਸ਼ਮਣਾਂ ਵਿਚਕਾਰ
ਕਿਤੇ ਮੈਨੂੰ—
ਸ਼ਰਮਸਾਰ ਨਾ ਹੋਣਾ ਪਵੇ...!!

oo

ਵਿਚਾਰ-ਪੱਤਰ—

# ਪੰਜਾਬੀ ਲੋਕ ਸੱਭਿਆਚਾਰ—ਉਭਾਰ ਅਤੇ ਵਿਗਾੜ

ਪ੍ਰੋ. ਹਮਦਰਦਵੀਰ ਨੌਸ਼ਹਿਰਵੀ

(ਇਹ ਵਿਚਾਰ ਪੱਤਰ ਪੰਜਾਬ ਲੋਕ ਸਭਿਆਚਾਰ ਮੰਚ ਦੇ ਤੀਸਰੇ ਪੰਜਾਬ ਪੱਧਰ ਦੇ ਸਮਾਗਮ ਸਮੇਂ 28 ਨਵੰਬਰ ਪੜ੍ਹਿਆ ਅਤੇ ਵਿਚਾਰਿਆ ਗਿਆ। ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਨੇ ਸਭਿਆਚਾਰ ਨੂੰ ਪ੍ਰੀਭਾਸ਼ਤ ਕਰਦਿਆਂ ਹੋਇਆਂ ਨਿਮ੍ਰਤਾ, ਕ੍ਰਿਤ, ਸਾਂਝੀਵਾਲਤਾ ਅਤੇ ਅਣਖ ਨੂੰ ਪੰਜਾਬੀ ਸਭਿਆਚਾਰ ਦੇ ਜ਼ਰੂਰੀ ਅੰਸ਼ ਮੰਨਿਆ ਜੋ ਪੰਜਾਬ ਨੂੰ ਬਾਬਾ ਫਰੀਦ ਤੋਂ ਲੈ ਕੇ ਗੁਰੂ ਸਾਹਿਬਾਨ ਤਕ ਅਤੇ ਫੇਰ ਅੰਗਰੇਜ਼ ਦੇ ਵਿਰੁਧ ਸੰਘਰਸ਼ ਵਿਚ ਗ਼ਦਰੀ ਤੇ ਬੱਬਰੀ ਬਾਬਿਆਂ ਤੇ ਹੋਰ ਸ਼ਹੀਦਾਂ ਦੀ ਦੇਣ ਹੈ। ਅਜੋਕੇ ਪੰਜਾਬੀ ਸੱਭਿਆਚਾਰ ਨੂੰ ਜਿਨ੍ਹਾਂ ਸ਼ਕਤੀਆਂ ਵਲੋਂ ਢਾਹ ਪੈ ਰਹੀ ਹੈ, ਉਹਨਾਂ ਨੂੰ ਵੀ ਵਿਚਾਰ ਅਧੀਨ ਲਿਆਂਦਾ ਗਿਆ। ਪ੍ਰੋ. ਸਾਹਿਬ ਦੇ ਅਨੁਸਾਰ ਧਾਰਮਕ ਜਨੂੰਨ ਤੇ ਕੱਟੜਵਾਦ ਪੰਜਾਬੀ ਸਭਿਆਚਾਰ ਦੇ ਵੱਡੇ ਦੁਸ਼ਮਣ ਹਨ। ਬਿਹਾਰ ਤੇ ਯੂ. ਪੀ. ਤੋਂ ਆਈ ਸੱਸਤੀ ਲੇਬਰ ਪੰਜਾਬੀਆਂ ਨੂੰ ਵਿਹਲੜ ਬਨਾਉਣ ਵਿਚ ਹਿੱਸਾ ਪਾ ਰਹੀ ਹੈ। ਪੰਜਾਬੀ ਸਭਿਆਚਾਰ ਦੇ ਨਿਰੋਏਪਣੇ ਨੂੰ ਕ੍ਰਿਤ ਦੀ ਵਡੀ ਦੇਣ ਹੈ ਅਤੇ ਇਹਦੇ ਬਗੈਰ ਇਸ ਵਿਚ ਲੱਚਰਪੁਣੇ ਦੇ ਅੰਸ਼ ਆ ਰਹੇ ਹਨ। ਪੱਛਮੀ ਸਭਿਆਚਾਰ ਜੋ ਸਰਮਾਏਦਾਰੀ ਦੀ ਦੇਣ ਹੈ, ਉਹ ਵੀ ਇਹਦੇ ਸਿਹਤਮੰਦ ਅੰਸ਼ਾਂ ਉੱਤੇ ਹਮਲਾ ਕਰ ਰਹੀ ਹੈ। ਸਮਾਜਕ ਬਣਤਰ ਵਿਚ ਬੁਨਿਆਦੀ ਤਬਦੀਲੀਆਂ ਹੀ ਇਸ ਢਾਹ ਨੂੰ ਰੋਕ ਸਕਦੀਆਂ ਹਨ ਤੇ ਲੋਕ ਪੱਖੀ ਤਾਕਤਾਂ ਦੀ ਸਭਿਆਚਾਰ ਬਾਰੇ ਚੇਤਨਤਾ ਇਸ ਵਿਚ ਵਡਾ ਹਿੱਸਾ ਪਾ ਸਕਦੀ ਹੈ। —ਸੰਪਾਦਕ

ਸਭਿਆਚਾਰ ਦਾ ਪ੍ਰੀਭਾਸ਼ਤ-ਦਾਇਰਾ ਹਾਲੀ ਸੀਮਾ-ਬੱਧ ਨਹੀਂ ਕੀਤਾ ਜਾ ਸਕਿਆ। ਸਭਿਆਚਾਰ ਦੀਆਂ ਅਨੇਕਾਂ ਪ੍ਰੀਭਾਸ਼ਾਵਾਂ ਪ੍ਰਚਲਤ ਹਨ। 1960 ਵਿਚ 'ਟਾਈਮਜ਼' ਅਖਬਾਰ ਨੇ ਇਸ ਦੀਆਂ 102 ਪ੍ਰੀਭਾਸ਼ਾਵਾਂ ਗਿਣਵਾਈਆਂ ਸਨ। ਸਭਿਆਚਾਰ ਦਾ ਸ਼ਬਦੀ ਅਰਥ ਹੈ-ਸਭਿਯਾ + ਆਚਾਰ = ਸਾਊ, ਚੰਗਾ, ਸ਼ੁੱਧ ਚਲਨ। ਪ੍ਰੋ: ਪਿਆਰਾ ਸਿੰਘ ਪਦਮ ਨੇ ਸਭਿਆਚਾਰ ਨੂੰ "ਠੀਕ ਗਲ ਨੂੰ ਠੀਕ ਢੰਗ ਨਾਲ ਕਰਨਾ" ਕਿਹਾ ਹੈ। ਸਭਿਆਚਾਰ ਕਿਸੇ ਖਿੱਤੇ ਦੇ ਲੋਕਾਂ ਦੀ ਸਮੁੱਚੀ ਜੀਵਨ-ਜਾਚ, ਵਿਹਾਰ-ਵਰਤਾਉ, ਰਜ-ਆਚਾਰ, ਬੋਲਣੀ ਚਾਲਣੀ, ਰਹਿਣੀ ਬਹਿਣੀ ਹੁੰਦਾ ਹੈ। ਸਭਿਆਚਾਰ ਕਿਸੇ ਕੌਮ ਦੀ ਸਮੁਚੀ ਸਾਂਝੀ ਆਤਮਾ ਹੁੰਦਾ ਹੈ ਸਭਿਆਚਾਰ ਦੇ ਦੋ ਤੱਤ ਹੁੰਦੇ ਹਨ-ਬਾਹਰਮੁਖੀ ਅਤੇ ਅੰਤਰਮੁਖੀ। ਸਭਿਆਚਾਰ ਦੇ ਬਾਹਰਮੁਖੀ ਤੱਤ ਵਿਚ ਸਬੰਧਤ ਲੋਕਾਂ ਦੀ ਸਰੀਰਕ ਬਣਤਰ, ਕਦ ਕਾਠ, ਸਿਹੜ੍ਹ, ਲਿਬਾਸ, ਖਾਣ-ਪਹਿਨਣ ਦੇ ਢੰਗ, ਘਰ ਤੇ ਪਿੰਡਾਂ ਸ਼ਹਿਰਾਂ ਦੀ ਬਣਤਰ, ਪੇਸ਼ੇ ਤੇ ਕਿੱਤੇ ਆਦਿ ਸ਼ਾਮਲ ਹੁੰਦੇ ਹਨ। ਸਭਿਆਚਾਰ ਦੇ ਅੰਤਰਮੁਖੀ ਤੱਤ ਵਿਚ ਧਰਮ, ਜ਼ਾਤ ਵਖ ਵਖ ਹੁੰਦਿਆਂ ਹੋਇਆਂ ਵੀ ਦਿਲਾਂ ਦੀ ਸਾਂਝੀ ਧੜਕਣ, ਆਪਣੀ ਸਹੀ ਪਛਾਣ ਤੇ ਆਪਣੇ ਅੰਦਰਲੇ ਦੀ ਪਛਾਣ, ਆਪਣੀਆਂ ਅੱਖਾਂ-ਆਪਣੀ ਨਜ਼ਰ, ਸਾਂਝੇ ਦੁੱਖ ਸੁੱਖ ਆਦਿ ਸ਼ਾਮਲ ਹੁੰਦੇ ਹਨ। ਧੀ ਜਵਾਨ ਹੋ ਰਹੀ ਹੈ—ਯੋਗ ਵਰ ਲਭਣ ਦਾ ਫਿਕਰ, ਸ਼ਾਦੀ ਦਾ ਫਿਕਰ, ਫੇਰ ਦਾਜ ਦਾ ਫਿਕਰ। ਵਿਆਹ ਤੋਂ ਬਾਅਦ ਬੇਟੀ ਨਵੇਂ ਪਰਵਾਰ ਵਿਚ ਠੀਕ ਤਰਾਂ ਰਚ ਮਿਚ ਜਾਵੇ, ਉਸਦੀ ਇੱਜ਼ਤ ਤੇ ਸਤਿਕਾਰ ਹੋਵੇ। ਇਹ ਫਿਕਰ ਸਿੱਖ ਮਾਪਿਆਂ ਨੂੰ ਵੀ ਹੈ-ਹਿੰਦੂ ਮਾਪਿਆਂ ਨੂੰ ਵੀ ਹੈ ਤੇ ਮੁਸਲਮਾਨ ਮਾਪਿਆਂ ਨੂੰ ਵੀ। ਬੱਚਾ ਪੈਦਾ ਹੋਣ ਲਗਾ ਧਰਮ, ਜ਼ਾਤ, ਘਰਾਣਾ ਨਹੀਂ ਵੇਖਦਾ। ਚੰਦ ਸੂਰਜ ਦੀ ਰੌਸ਼ਨੀ ਹਿੰਦੂ, ਸਿੱਖ, ਮੁਸਲਮਾਨ, ਈਸਾਈ ਪੰਡਿਤ ਜਾਂ ਹਰੀਜਨ ਵਿਚ ਵਿਤਕਰਾ ਨਹੀਂ ਕਰਦੀ। ਹਵਾ ਵਿਚ ਲਹਿਰ ਰਹੇ ਸਾਹ ਸਭ ਦੇ ਰਲੇ ਮਿਲੇ ਹੁੰਦੇ ਹਨ। ਅਸੀਂ ਹਵਾ ਨੂੰ ਆਪਣੀ ਕੈਦ ਵਿਚ ਬੰਦ ਨਹੀਂ ਕਰ ਸਕਦੇ। ਬਾਲਟੀ ਦੇ ਪਾਣੀ ਵਿਚ ਤਾਂ ਭਾਵੇਂ ਅਸੀਂ ਆਪਣਾ ਵੱਖਰਾ ਰੰਗ ਘੋਲ ਲਈਏ ਪਰ ਪੰਜ ਪਾਣੀਆਂ ਨੂੰ ਅਸੀਂ ਕਿਸੇ ਬਨਾਵਟੀ ਰੰਗ ਵਿਚ ਨਹੀਂ ਰੰਗ ਸਕਦੇ। ਸਾਡੀ ਚਮੜੀ ਦਾ ਰੰਗ ਚਿੱਟਾ ਜਾਂ ਕਾਲਾ ਹੋ ਸਕਦਾ ਹੈ-ਪਰ ਲਹੂ ਦੇ ਰੰਗ ਦੀ ਏਕਤਾ ਨੂੰ ਅਸੀਂ ਭੰਗ ਨਹੀਂ ਕਰ ਸਕਦੇ। ਸਾਡਾ ਸਭਿਆਚਾਰ ਸਾਡੇ

ਸਾਹਾਂ ਵਿਚ—ਸਾਡੇ ਲਹੂ ਵਿਚ ਹੈ । ਆਪਣੇ ਦਿਲ ਦੀ ਅੰਦਰਲੀ ਆਵਾਜ਼ ਨੂੰ ਨਾਂ ਸੁਣਦਿਆਂ ਹੋਇਆਂ, ਅਸੀਂ ਭਾਵੇਂ ਕਿਸੇ ਵੱਖਰੀ ਬੋਲੀ ਕਿਸੇ ਪਰਾਈ ਸਭਿਆਚਾਰ ਨੂੰ ਆਪਣਾ ਕਹੀਏ । ਪਰ ਆਪਣੀਆਂ ਸੋਚਾਂ ਵਿੱਚ-ਆਪਣੇ ਸੁਪਨਿਆਂ ਵਿਚ ਅਸੀਂ ਝੂਠ ਨਹੀਂ ਬੋਲ ਸਕਦੇ । ਚੁਪ ਚਾਪ ਹੀ ਸਾਡੀ ਮਾਂ ਬੋਲੀ ਬਿਨਾਂ ਕਿਸੇ ਸ਼ਿਕਵੇ ਸ਼ਿਕਾਇਤ ਤੋਂ ਸਾਡੇ ਸੁਪਨਿਆਂ ਵਿੱਚ ਆ ਕੇ ਮਾਖਿਉਂ ਘੋਲ ਜਾਂਦੀ ਹੈ । ਸਾਡੇ ਹਾਸਿਆਂ ਦੀ ਬੋਲੀ ਤੇ ਸਾਡੇ ਰੁਦਨ ਦੀ ਬੋਲੀ, ਸਾਡੇ ਰੋਸਿਆਂ ਦਾ ਤਣਾਓ 'ਤੇ ਸਾਡੇ ਮਨਾਉਣ ਦੀਆਂ ਅਦਾਵਾਂ ਕਿਸੇ ਬੋਲੀ ਜਾਂ ਧਰਮ ਦੀਆ ਸੀਮਾਵਾਂ ਨੂੰ ਪਰਵਾਨ ਨਹੀਂ ਕਰਦੀਆਂ । ਪਿਆਰ-ਉਸਾਹ ਕਿਸੇ ਵਟ-ਵਲ-ਛੱਲ ਨੂੰ ਨਹੀਂ ਪਛਾਣਦਾ । ਫ਼ਿਰ ਅਸੀਂ ਕਿਉਂ ਅਸਮਾਨ ਦੀ ਇਹ ਰੰਗੀ ਛਤਰੀ ਦੇ ਇੱਕ ਸਾਂਝੇ ਹਿੱਸੇ ਹੇਠਾਂ, ਆਪਣੇ ਪੈਰਾਂ ਹੇਠਲੀ ਸਾਂਝੀ ਧਰਤੀ ਉੱਤੇ, ਨਿੱਕੀਆਂ ਨਿੱਕੀਆਂ ਕਬਰਾਂ ਖੋਦੀ ਜਾ ਰਹੇ ਹਾਂ ? ਆਉ ਆਪਣੇ ਸਭਿਆਤਾਰ ਦੀ ਅੰਦਰਲੀ ਧਾਰਾ ਨਾਲ ਇੱਕ ਸੁਰ ਹੋਈਏ ਅਤੇ ਸਾਂਝੀ ਪੂਰਨਤਾ ਵੱਲ ਵਧੀਏ । ਮਾਥੀਓ ਆਰਨੋਲਡ ਨੇ ਕਿਹਾ ਹੈ—"ਸਭਿਆ-ਚਾਰ ਸਮੁੱਚੀ ਸੰਪੂਰਨਤਾ ਦੀ ਅਜਿਹੀ ਭਾਲ ਹੈ, ਜਿਸ ਰਾਹੀਂ ਦੁਨੀਆਂ ਵਿਚ ਜੋ ਕੁਝ ਚੰਗੇ ਤੋਂ ਚੰਗਾ ਸੋਚਿਆ ਅਤੇ ਕਿਹਾ ਗਿਆ ਹੈ, ਪ੍ਰਾਪਤ ਹੋ ਸਕੇ ।"

ਸਭਿਅਤਾ ਗਿਆਨ, ਵਿਗਿਆਨ, ਕਲਾ, ਸਾਹਿਤ, ਸਦਾਚਾਰ ਆਦਿ ਦੀ ਹੁਣ ਤੱਕ ਦੀ ਕੁਲ ਪ੍ਰਾਪਤੀ ਨੂੰ ਕਿਹਾ ਜਾਂਦਾ ਹੈ । ਇਹ ਵਧੇਰੇ ਕਰਕੇ ਭੂਤਮਈ ਹੁੰਦੀ ਹੈ ਤੇ ਇਸ ਵਿਚ ਸਥਾਈਤਵ ਭਾਰੂ ਹੁੰਦਾ ਹੈ । ਸਭਿਆਚਾਰ ਨਿਰੰਤਰ ਤੁਰਦੀ ਧਾਰਾ ਹੈ। ਸਭਿਆਚਾਰ ਦਾ ਸਫਰ ਸੱਜਰੀ ਮਹਿਕ ਦਾ ਸਫਰ ਹੈ—। ਡਾ: ਮੁਲਕ ਰਾਜ ਆਨੰਦ ਦੇ ਸ਼ਬਦਾਂ ਵਿੱਚ—"ਸਭਿਆਚਾਰ ਸਭਿਅਤਾ ਦੀ ਖੁਸ਼ਬੋ ਹੁੰਦਾ ਹੈ ।"

ਪੰਜਾਬੀ ਸਭਿਆਚਾਰ ਖੜੋਤ ਵਿੱਚ ਨਹੀਂ ਤੋਰ ਵਿੱਚ ਵਿਸਵਾਸ਼ ਰਖਦਾ ਹੈ ਤੇ ਉਹ ਵੀ ਕਾਫੀ ਤੇਜ਼ ਤੋਰ ਵਿਚ.। ਪੰਜਾਬ ਭਗੋਲਿਕ ਤੇ ਇਤਹਾਸਕ ਕਰਕੇ ਸਦਾ ਲੜਾਈ ਦਾ ਮੈਦਾਨ ਬਣਿਆ ਰਹਿਆ ਹੈ । ਪੰਜਾਬੀ ਸਭਿਆਚਾਰ ਦਾ ਹਾਜ਼ਮਾ ਬੜਾ ਤੇਜ਼ ਹੈ—ਪਾਚਨ ਸ਼ਕਤੀ ਬੜੀ ਸ਼ਕਤੀਸ਼ਾਲੀ ਹੈ । ਇਸਨੇ ਅਨੇਕਾਂ ਸਭਿਆਚਾਰਾਂ ਨੂੰ ਹਜ਼ਮ ਕੀਤਾ ਹੈ । ਯੂਨਾਨੀ, ਮੰਗੋਲ, ਦਰਾਵੜੀ. ਫਾਰਸੀ, ਆਰੀਆ, ਮੁਸਲਮਾਨ, ਈਸਾਈ, ਆਦਿ ਪੰਜਾਂ ਦਰਿਆਵਾਂ ਦੀ ਧਰਤੀ ਉੱਤੇ ਜਾਬਰ ਹਨੇਰੀ ਵਾਂਗ ਆਏ । ਪੰਜਾਬੀ ਆਪਾ ਲਿਫਿਆ, ਕਈ ਵਾਰ ਝੁਕਿਆ ਵੀ ਪਰ ਟੁੱਟਾ ਨਹੀਂ । ਪੰਜਾਬੀ ਸਭਿਆਚਾਰ ਨੇ ਬਾਹਰੋਂ ਆਏ ਸਭਿਆਚਾਰਾਂ ਦੇ ਕੁਝ ਅੰਸ਼ਾਂ ਨੂੰ ਹਜ਼ਮ ਕੀਤਾ ਨਕਲ ਨਹੀਂ ਕੀਤੀ । ਆਪਣੀ ਵਿਲੱਖਣ ਹੋਂਦ ਨੂੰ ਕਾਇਮ ਰੱਖਦਿਆਂ ਹੋਇਆਂ ਬਾਹਰਲੇ ਅਸਰਾਂ ਨੂੰ ਕਬੂਲ ਕੀਤਾ ਹੈ । ਅਭੇਦ ਕੀਤਾ ਹੈ—ਭਾਰ ਨਹੀਂ ਚੁਕਿਆ । ਪਜਾਬੀ ਸਭਿਆਚਾਰ ਖਿਲਾਅ ਵਿਚ ਨਹੀਂ ਸੰਧੀ ਤੇ ਸਹਿਹੋਂਦ ਵਿਚ ਜਿਉਂਦਾ ਹੈ—ਮੇਲ ਜੋਲ ਅਤੇ ਆਪਣੀ ਵਖਰੀ ਨੁਹਾਰ ਵਿਚ ਪਛਾਣ ਕਰਾਉਂਦਾ ਹੈ । ਪੰਜਾਬੀ ਸਭਿਆਚਾਰ ਦੀਆਂ ਜੜਾਂ ਭੂਤ ਵਿਚ ਹਨ, ਜੀਉਂਦਾ ਇਹ ਵਰਤਮਾਨ ਵਿਚ ਹੈ ਅਤੇ ਸੁਪਨੇ ਲੈਂਦਾ ਹੈ ਸੁਹਣੇ ਭਵਿੱਖ ਦੇ । ਇਸ ਵਿਚ ਪਰੰਮਪਰਾ, ਆਧੁਨਿਕਤਾ ਤੇ ਭਵਿਖਵਾਣੀ ਤੇ ਆਦਰਸ਼ਵਾਦ ਦਾ ਸੁਮੇਲ ਹੈ । ਪੰਜਾਬੀ ਸਭਿਆਚਾਰ ਤੇਰਵੀਂ ਸਦੀ ਵਿਚ ਸ਼ੇਖ ਫਰੀਦ ਦੇ ਪੰਜਾਬੀ ਸਲੋਕਾਂ ਵਿਚ ਮਿਲਦਾ ਹੈ ਅਤੇ ਉਸ ਤੋਂ ਪਹਿਲਾਂ ਦੀਆਂ ਦਸਤਾਵੇਜ਼ਾਂ ਵਿਚ ਵੀ ।

ਕੰਧੀ ਉੱਤੇ ਰੁਖੜਾ ਕਿਚਰਕੁ ਬੰਨੇ ਧੀਰੁ ।
ਫਰੀਦਾ ਕਚੈ ਭਾਂਡੇ ਰਖੀਐ ਕਿਚੁਰ ਤਾਈ ਨੀਰੁ ।

ਕੰਧੀ ਉੱਤੇ ਰੁਖੜਾ ਨੂੰ ਮੁਹਾਵਰੇ ਵਜੋਂ ਅਸੀਂ ਆਪਣੇ ਸਾਹਿਤ ਇਤਿਹਾਸ ਵਿਚੋ ਸੰਭਾਲ ਲਿਆ ਹੈ । ਕਚੇ ਭਾਂਡੇ ਵਿਚ ਨੀਰ ਸਾਡੇ ਕਿੱਸਾ ਕਾਵਿ ਵਿਚ ਜੀਵਤ ਹੈ । ਮਿੱਟੀ ਦੇ ਭਾਂਡੇ, ਕੋਰਾ ਘੜਾ, ਕੋਰਾ ਕੁੱਜਾ, ਗਰਮੀਆ ਵਿਚ ਠੰਡੇ ਪਾਣੀ ਲਈ ਮਿੱਟੀ ਦੀ ਸੁਰਾਹੀ ਸਾਡੇ ਸਭਿਆਚਾਰ ਦੇ ਅਨਿੱਖੜ ਅੰਗ ਹਨ । ਸ਼ੇਖ ਫਰੀਦ ਦੇ ਕਈ ਹੋਰ ਸਲੋਕ ਅਜ ਵੀ ਅਸੀਂ ਪੰਜਾਬੀ ਸਭਿਆ-ਚਾਰ ਦੇ ਪਰਸੰਗ ਵਿਚ ਪੇਸ਼ ਕਰ ਸਕਦੇ ਹਾਂ ।

ਪੰਜਾਬੀ ਸੂਬਾ ਦੀ ਅਗਾਂਹਗਾਮਤਾ ਅਤੇ ਸਾਫਗੋਈ ਵਿਚ ਗੁਰੂ ਨਾਨਕ ਦੇਵ ਦਾ ਮੁੱਢਲਾ ਨਿੱਗਰ ਯੋਗਦਾਨ ਹੈ । ਮੁਸਲਮਾਨੀ ਹਾਕਮੀਂ ਦਰਬਾਰ ਵਿਚ ਪਰਵਾਨ ਚੜਨ ਲਈ ਪੁਜਾਰੀਆਂ ਦੇ ਪਾਖੰਡ ਬਾਰੇ ਗੁਰੂ ਜੀ ਦਾ ਕਥਨ ਅਜ ਵੀ ਕਿੰਨਾ ਸਚਾ ਹੈ—

ਨੀਲ ਵਸਤਰ ਪਹਿਰਿ ਹੋਵਹਿ ਪਰਵਾਣੁ ।
ਮਲੇਛ ਧਾਨੁ ਲੇ ਪੂਜਹਿ ਪੁਰਾਣੁ ।

ਨੀਲ ਵਸਤਰ ਜਾਂ ਭਗਵੇ ਵਸਤਰ ਅਜ ਵੀ ਸਭਿਆਚਾਰਕ ਤਰੇੜਾਂ ਦੇ ਰੂਪ ਹਨ । ਰੰਗ ਬਰੰਗੇ ਮਣਕਿਆਂ ਦੀ ਮਾਲਾ ਵਿੱਚ ਨਾਇਕ ਰੰਗ ਤਾਂ ਲਾਲ ਰੰਗ ਹੈ । ਲਾਲ ਰੰਗ-ਰੌਸ਼ਨੀ ਦਾ, ਅੱਗ ਦਾ, ਲਹੂ ਦਾ, ਸੁੰਦਰਤਾ ਦਾ, ਸਿਹਤ ਦਾ, ਇਨਕਲਾਬ ਦਾ । ਗੁਰਬਾਣੀ ਦਾ ਮਹਾਂਵਾਕ ਵੇਖੋ—

ਜਿਸ ਕੋ ਲਗਾ ਲਾਲ ਰੰਗ ਤਿਸਕੇ ਵਡ ਭਾਗਾ ।
ਕਦੀ ਨਾ ਮੈਲਾ ਹੋਵਈ, ਨਾ ਲਾਗੇ ਦਾਗਾ ।

ਪੰਜਾਬੀ ਸਭਿਆਚਾਰ ਵੱਖ ਵੱਖ ਧਰਮਾਂ, ਜ਼ਾਤਾਂ ਉੱਤੇ ਅਧਾਰਤ ਨਹੀਂ । ਇਸ ਦੀ ਟੇਕ ਧਰਮ-ਕਟੜਤਾ ਉੱਤੇ ਨਹੀਂ—ਮਾਨਵੀ-ਪ੍ਰਗਤੀ ਉੱਤੇ ਹੈ । ਪੰਜਾਬੀ ਸਭਿਆ ਸਾਂਝੇ ਸਮਾਜਿਕ, ਇਤਿਹਾਸਕ, ਸਾਹਿਤਕ ਤੋਂ ਰਾਜਨੀਤਕ ਮੂਲ ਉੱਲੇ ਅਧਾਰਿਤ ਹੈ, ਇਸ ਵਿਚ ਸੰਗਤ, ਲੰਗਰ ਤੇ ਪੰਗਤ ਦੀ ਸਾਂਝੀਵਾਲਤਾ ਹੈ । ਬੁਲੰਦ ਸੀਸ ਵਿੱਚ ਬੁਲੰਦ ਦਿਮਾਗ ਦੀ ਕਦਰ ਹੈ । ਪਗੜੀ ਤੇ ਚੁੰਨੀ ਮਰਦ ਤੇ ਇਸਤਰੀ ਲਈ ਇੱਜ਼ਤ, ਮਾਣ ਤੇ ਸਾਊਪਣ

ਦੇ ਚਿੰਨ੍ਹ ਹਨ । ਗੁਰੂ ਗ੍ਰੰਥ ਸਾਹਿਬ ਸਾਂਝੇ ਸਭਿਆਚਾਰ ਦਾ ਸੋਮਾ ਹੈ । ਕਸ਼ਮੀਰੀ ਪੰਡਿਤਾਂ ਦੇ ਦੁੱਖ ਹਰਨ ਲਈ ਗੁਰੂ ਤੇਗ ਬਹਾਦਰ ਨੇ ਸ਼ਹੀਦੀ ਪਰਾਪਤ ਕੀਤੀ । ਸਿੱਖ ਇਤਿਹਾਸ ਮੀਆਂ ਮੀਰ, ਪੀਰ ਬੁੱਧੂ ਸ਼ਾਹ ਖਾਂ ਨਬੀ ਖਾਂ ਦੇ ਜ਼ਿਕਰ ਤੋਂ ਬਿਨਾਂ ਅਧੂਰਾ ਹੈ । ਸਾਡੀ ਸਭਿਆਚਾਰਕ ਪਰੰਪਰਾ ਭਾਈ ਕਨਈਆ ਦੀ ਪਰੰਪਰਾ ਹੈ—ਜਿਸ ਲਈ ਮਨੁੱਖ ਮਹਾਨ ਹੈ—ਸਿੱਖ ਜਾਂ ਮੁਸਲਮਾਨ ਨਹੀਂ । ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਵਿੱਚ "ਮਾਨਸ ਦੀ ਜ਼ਾਤ ਸਭੈ ਏਕੇ ਪਹਿਚਾਨਬੋ "। ਪੰਜਾਂ ਦਰਿਆਵਾਂ ਦੀ ਧਰਤੀ ਦੀ ਆਜ਼ਾਦ ਹੋਂਦ ਲਈ ਗਦਰ ਲਹਿਰ ਵਿੱਚ ਪੰਡਤ ਕਾਂਸ਼ੀ ਰਾਮ ਵੀ ਸ਼ਹੀਦ ਹੋਇਆ ਰਹਿਮਤ ਅਲੀ ਵੀ ਤੇ ਕਰਤਾਰ ਸਿੰਘ ਸਰਾਭਾ ਵੀ । ਭਗਤ ਸਿੰਘ ਤੇ ਚੰਦਰ ਸ਼ੇਖਰ ਆਂਜ਼ਾਦ ਦਾ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ, ਆਜ਼ਾਦ ਹਿੰਦ ਫੌਜ, ਆਜ਼ਾਦੀ ਅੰਦੋਲਨ ਅਤੇ 1970 ਵਿਆਂ ਦੀ ਮਾਰਕਸਵਾਦੀ-ਲੈਨਿਨਵਾਦੀ ਲਹਿਰ ਦੇ ਸ਼ਹੀਦਾਂ ਦੀ ਲੰਮੀ ਕਤਾਰ ਸਰਵਸਾਂਝੇ ਪ੍ਰਗਤੀਸ਼ੀਲ ਪੰਜਾਬੀ ਸਭਿਆਚਾਰ ਦੀ ਚਾਨਣੀ ਉਦਾਹਰਣ ਹੈ ।

ਪੰਜਾਬੀ ਸਭਿਆਚਾਰ ਤੇ ਪੰਜਾਬੀਅਤ ਦਾ ਸੰਕਲਪ ਸ਼ਾਹ ਮੁਹੰਮਦ ਦੇ ਜੰਗ ਨਾਮੇ..."ਜੰਗ ਹਿੰਦ ਪੰਜਾਬ" ਵਿੱਚ ਵੀ ਦਰਿਸ਼ਗੋਚਰ ਹੁੰਦਾ ਹੈ । "ਸ਼ਾਹ ਮੁਹੰਮਦ ਵਿੱਚ ਹਿੰਦੂ ਤੇ ਸਿੱਖਾਂ ਨੂੰ ਇੱਕ ਜ਼ਾਤ ਅਤੇ ਮੁਸਲਮਾਨਾਂ ਨੂੰ ਦੂਜੀ ਜ਼ਾਤ ਮੰਨਿਆਂ ਹੈ—ਅੰਗਰੇਜ਼ਾਂ ਨੂੰ ਬਾਹਰਲੀ ਤੀਸਰੀ ਜ਼ਾਤ ਕਿਹਾ ਹੈ । ਪੰਜਾਬੀ ਸੂਫੀ ਕਵੀਆਂ ਨੇ ਪੰਜਾਬੀ ਸੁਭਾ ਦੇ ਅਨੁਕੂਲ ਰੱਬ ਨਾਲ ਬਹੁਤ ਸਾਰੀਆਂ ਖੁਲ੍ਹਾਂ ਲਈਆਂ ਹਨ । ਗੁਰੂ ਨਾਨਕ ਦੇਵ ਨੇ ਬਾਬਰ ਦੇ ਜ਼ੁਲਮਾਂ ਵਿਰੁਧ "ਤੈਂ ਕੀ ਦਰਦ ਨਾ ਆਇਆ ?"ਕਹਿਕੇ ਰੱਬ ਨੂੰ ਉਲਾਮਾ ਦਿੱਤਾ । ਬੁਲ੍ਹੇ ਸ਼ਾਹ ਨੇ ਕਿਹਾ-ਧਰਮਸ਼ਾਲ ਧਾੜਵੀਰਹਿੰਦੇ,ਠਾਕਰਦੁਆਰੇ ਠੱਗ।ਮਸੀਤਾਂ ਵਿਚ ਕੁੱਸਤੀ ਰਹਿੰਦੇ, ਆਸ਼ਕ ਰਹਿਣ ਅਲਗ" ਸ਼ਾਹ ਹੁਸੈਨ ਨੇ "ਜਹਾਂ ਦੇਖੋ ਤਹਾਂ ਕਪਟ ਹੈ" ਕਹਿਕੇ ਸਾਮਿਅਕ ਯਥਾਰਥਕ ਨੂੰ ਪੇਸ਼ ਕੀਤਾ । ਪ੍ਰੋ: ਮੋਹਨ ਸਿੰਘ ਨੇ "ਰੱਬ ਇੱਕ ਗੁੰਝਲਦਾਰ ਬੁਝਾਰਤ ਰੱਬ ਇੱਕ ਗੋਰਖ ਧੰਦਾ" ਅੰਕਿਤ ਕਰਕੇ ਰੱਬ ਬਾਰੇ ਪੰਜਾਬੀ ਸਭਿਆਚਾਰਕ ਸਾਂਝ ਨੂੰ ਵਰਤਮਾਨ ਨਾਲ ਜੋੜਿਆ ਹੈ ।

ਪੰਜਾਬੀ ਲੋਕ ਜੰਗ ਵਿੱਚ ਵੀ ਅਗੇ ਰਹੇ, ਪਿਆਰ ਵਿਚ ਵੀ ਅਗੇ ਰਹੇ ਹਨ । ਹੀਰ ਰਾਂਝਾ ਜਾਂ ਮਿਰਜ਼ਾ ਸਾਹਿਬਾਂ ਮਹਿਜ਼ ਕਿੱਸਾ-ਪਾਤਰ ਨਹੀਂ, ਪੰਜਾਬੀ ਸੁਭਾ ਵਿਚ ਸਜੀਵ ਸੰਸਥਾ ਦਾ ਰੂਪ ਧਾਰਨ ਕਰ ਗਏ ਹਨ । ਪ੍ਰੋ· ਪੂਰਨ ਸਿੰਘ ਜਦੋਂ ਕਹਿੰਦਾ ਹੈ-"ਆ ਭੈਣੋ ਹੀਰੋ ਆ ਵੀਰਾ ਰਾਂਝਿਆ, ਤੁਦ ਬਿਨ ਅਸੀਂ ਸਖਣੇ" ਤਾਂ ਉਹ ਉਹ ਏਸੇ ਗਲ ਦੀ ਤਰਜਮਾਨੀ ਕਰ ਰਿਹਾ ਹੁੰਦਾ ਹੈ ।

ਸਭਿਆਚਾਰ ਇਕ ਲੁਕੀ ਚਿਣਕ ਹੈ-ਅੰਦਰ ਬਲਦੀ ਜੋਤ ਹੈ । ਇਹ ਮਨੁੱਖ ਦੇ ਧੁਰ ਅੰਦਦ ਟੁਣਕਦੀ ਰਾਗਣੀ ਹੈ, ਜਿਹੜੀ ਸੰਕੀਰਣਤਾ, ਸੌੜੇਪਨ ਜਾਂ ਤੰਗ-ਮਿਜ਼ਾਜ਼ੀ ਦੇ ਰੌਲੇ ਵਿਚ ਸੁਣੀ ਨਹੀਂ ਜਾ ਸਕਦੀ । ਸਭਿਆਚਾਰ ਜ਼ਾਤਪਾਤ, ਇਲਾਕਾ ਪਰਸਤੀ ਜਾਂ ਕਿਸੇ ਪਾਰਟੀਬਾਜ਼ੀ ਤੋਂ ਕਾਫੀ ਉੱਚੀ ਚੀਜ਼ ਦਾ ਨਾਮ ਹੈ । ਸਭਿਆਚਾਰ ਕਿਸੇ ਭੂਗੋਲਿਕ ਹੱਦਬੰਦੀ ਵਿੱਚ ਵੀ ਕੈਦ ਨਹੀਂ ਹੋ ਸਕਦਾ ਹੈ। ਜਿਥੇ ਵੀ ਪੰਜਾਬੀ ਵਿਰਸੇ ਵਾਲੇ ਲੋਕ ਜਾ ਵਸੇ ਹਨ ਭਾਵੇਂ ਉਹ ਉਤਰ ਪ੍ਰਦੇਸ਼ ਹੋਵੇ, ਕਲਕੱਤਾ ਹੋਵੇ ਜਾਂ ਕਨੇਡਾ ਉਥੇ ਪਰੰਪਰਾ ਅਨੁਸਾਰ ਕਿਰਤ ਦਾ ਸਤਿਕਾਰ ਮੰਨਿਆ ਗਿਆ ਹੈ । ਸ਼ਾਇਦ ਏਸੇ ਕਰਕੇ ਜਿਥੇ ਵੀ ਪੰਜਾਬੀ ਲੋਕ ਗਏ—ਉਹ ਉਦਯੋਗ, ਖੇਤੀ ਤੇ ਹੋਰ ਧੰਦਿਆਂ ਵਿਚ ਆਪਣੀਆ ਜੜਾਂ ਲਗਾ ਕੇ ਬੈਠ ਗਏ ਅਤੇ ਵਿਰਾਸਣ ਲਗੇ । ਸਾਉਬਾਲ ਵਾਂਗ ਇਕ ਇਕ ਜਾਂ ਅੱਧ ਅੱਧ ਆਬ ਵਾਲੇ ਉਹਨਾਂ ਨੇ ਕਈ ਪੰਜਾਬ ਉਸਾਰ ਲਏ ।

ਫਿਰ ਵੀ ਪੰਜਾਬੀ ਸਭਿਆਚਾਰ ਬੰਗਾਲੀ ਸਭਿਆ-ਚਾਰ ਗੁਜਰਾਤੀ ਸਭਿਆਚਾਰ ਜਾਂ ਤਾਮਿਲ ਸਭਿਆਚਾਰ ਨਾਲੋਂ ਕਾਫੀ ਹੀਣਾ ਅਤੇ ਊਣਾ ਹੈ । ਪੰਜਾਬ ਜੀਅਪ੍ਰਤੀ ਆਮਦਨ ਵਿਚ ਤੇ ਖੇਤੀ ਦੀ ਉਪਜ ਵਿਚ ਬਾਕੀ ਸਭ ਸੂਬਿਆਂ ਨਾਲੋਂ ਅੱਗੇ ਹੈ । ਪਰ ਬੋਲੀ, ਸਾਹਿਤ, ਕਲਾ, ਪੰਜਾਬੀ ਕਿਤਾਬਾਂ ਰਸਾਲਿਆਂ ਦੇ ਵਿਕਰੀ-ਦਰਾਂ ਤੇ ਆਪਣੇ ਸਭਿਆਚਾਰ ਵਿਚ ਸ਼ਾਇਦ ਸਭ ਨਾਲੋਂ ਪਿਛੇ । ਸਭਿਆਚਾਰ ਦੀ ਸਭ ਤੋਂ ਪਹਿਲੀ ਪਛਾਣ ਆਪਣੀ ਮਾਤ ਭਾਸ਼ਾ ਦੀ ਸਰਦਾਰੀ ਵਿਚੋਂ ਹੀ ਪੈਦਾ ਹੋ ਸਕਦੀ ਹੈ । ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੰਜਾਬੀ ਰਾਜ ਵਿਚ ਫਾਰਸੀ ਲਾਗੂ ਕੀਤੀ—ਅੰਗਰੇਜ਼ਾਂ ਨੇ ਉਰਦੂ ਸਰਕਾਰੀ ਭਾਸ਼ਾ ਬਣਾਈ ਤੇ ਹੁਣ ਦੇ ਸ਼ਾਸ਼ਕਾਂ ਨੇ ਅੰਗਰੇਜ਼ੀ ਦੀ ਹੁਕਮੀਆਂ ਕੁਰਸੀ ਕਾਇਮ ਰੱਖੀ । ਮਹਿੰਗੇ ਸਰਕਾਰੀ ਪਬਲਿਕ ਤੇ ਸੈਨਕ ਸਕੂਲਾਂ ਅਕੈਡਮੀਆਂ ਤੇ ਆਦਰਸ਼ ਸਕੂਲਾਂ ਤੋਂ ਇਲਾਵਾ ਗਲੀ ਗਲੀ ਵਿਚ ਅੰਗ-ਰੇਜ਼ੀ ਮਾਧਿਅਮ ਦੇ ਅਖੌਤੀ ਮਾਡਲ ਸਕੂਲ ਖੁਲ ਗਏ ਹਨ । ਇਹ ਸਕੂਲ ਜੰਮਦਿਆਂ ਹੀ ਬੱਚਿਆਂ ਨੂੰ ਅੰਗ੍ਰੇਜ਼ੀ ਬੋਲੀ ਅਤੇ ਅੰਗ੍ਰੇਜ਼ੀ ਤੌਰ-ਤਰੀਕੇ ਸਿਖਾ ਸਿਖਾ ਕੇ ਕਾਲੇ ਤੋਤੇ ਬਣਾ ਰਹੇ ਹਨ ਅਤੇ ਖੁਰਾਸਾਨੀ ਢੁੱਲਤੇ ਮਰਵਾ ਰਹੇ ਹਨ। ਇਹਨਾਂ ਦੇ ਆਪਣੇ ਨਾਮ ਹੈਪੀ, ਲੱਕੀ, ਰੋਜ਼ੀ, ਪਿੰਕੀ ਹਨ-ਇਹਨਾਂ ਦੀਆਂ ਪਾਠ ਪੁਸਤਕਾਂ ਵਿਚ ਬਰਫ ਉਤੇ ਸਕੇਟਿੰਗ ਕਰਦੇ ਮੇਰੀ, ਜਾਹਨ, ਪੀਟਰ ਹਨ । ਮੱਮੀ ਡੈਡੀ ਕਹਿੰਦੇ ਕਹਿੰਦੇ ਉਹ ਬਾਪੂ, ਤਾਈਆ ਜੀ, ਪਿਤਾ ਤੇ ਬੀਬੀ ਨੂੰ ਭੁਲ ਚੁੱਕੇ ਹਨ । ਬਾਕੀ ਸਭ ਰਿਸ਼ਤੇ ਅੰਕਲ ਆਂਟੀ ਵਿਚ ਸਿਮਟ ਗਏ ਹਨ ।

ਪੰਜਾਬੀ ਲੋਕ ਸਭਿਆਚਾਰ ਨੂੰ ਸਭ ਤੋਂ ਵਡੀ ਢਾਹ 1947 ਵਿਚ ਲਗੀ ਜਦੋਂ ਦੋ ਕੌਮਾਂ ਦੇ ਸਿਧਾਂਤ ਅਨੁਸਾਰ ਪੰਜਾਬ ਦੀ ਵੰਡ ਹੋਈ । ਜਦੋਂ ਪੂਰਬੀ ਪੰਜਾਬੀ

ਸਭਿਆਚਾਰ ਤੇ ਪੱਛਮੀ ਪੰਜਾਬੀ ਸਭਿਆਚਾਰ ਦੀਆਂ ਨੀਹਾਂ ਤੱਕ ਫੈਲ ਕੇ ਵੰਡੀਆਂ ਗਈਆਂ। ਪੰਜਾਬੀ ਸਭਿਆਚਾਰ ਨੂੰ ਢਾਹ, 1966 ਵਿਚ ਵੀ ਲੱਗੀ—ਜਦੋਂ ਫ਼ਿਰਕੂ ਸਿਆਸਤ ਨੇ ਅਨੇਕਾਂ ਪੰਜਾਬੀ ਬੋਲਦੇ ਤੇ ਪੰਜਾਬੀ ਸਭਿਆਚਾਰ ਵਾਲੇ ਇਲਾਕੇ ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਰਾਜਸਥਾਨ ਨੂੰ ਦੇਣੇ ਮੰਨ ਲਏ। ਪੰਜਾਬੀ ਲੋਕ ਸਭਿਆਚਾਰ ਨੇ ਤੀਜੀ ਘਾਤਕ ਢਾਹ 1982 ਵਿਚ ਲਗੀ ਜਦੋਂ ਫੇਰ ਦੋ ਕੌਮਾਂ ਦਾ ਸਿਧਾਂਤ ਉਛਾਲਿਆ ਗਿਆ, ਅਤੇ ਵੱਖਵਾਦ ਦਾ ਨਾਹਰਾ ਚੁਕਿਆ ਗਿਆ। ਧਰਤ ਤੇ ਜ਼ਾਤਾਂ ਤੋਂ ਉਪਰ ਉੱਠ ਕੇ ਪੰਜਾਬੀ ਮਨੁੱਖ ਦੇ ਪੱਕੇ ਹੋ ਰਹੇ ਮਾਨਵੀ ਰਿਸ਼ਤਿਆਂ ਦੀਆਂ ਸਿਊਣਾਂ ਫੇਰ ਉਖੇੜੀਆਂ ਗਈਆਂ—ਭਰ ਚੁਕੇ ਭੁਲ ਚੁਕੇ ਜ਼ਖਮ ਫੇਰ ਉਚੇੜੇ ਗਏ। ਸਿਆਸਤ ਤੇ ਧਰਮ ਦੀ ਰਲਗਲ ਪੰਜਾਬੀ ਲੋਕ ਸਭਿਆ-ਚਾਰ ਲਈ ਹੀ ਨਹੀਂ-ਹਰ ਸਭਿਆਚਾਰ ਲਈ ਸਭ ਤੋਂ ਵਡੀ ਬਾਧਾ ਹੈ। ਧਰਮ ਨਿਰਪੱਖਤਾ ਤੇ ਜ਼ਾਤੀ-ਸਦਭਾਵਨਾ ਹੀ ਚੰਗੇ ਸਭਿਆਚਾਰ ਦੀ ਗਰੰਟੀ ਹੋ ਸਕਦੀ ਹੈ। ਧਰਮ ਉੱਤੇ ਅਧਾਰਤ ਰਾਜ ਅਤੇ ਫਿਰਕੂ ਸਭਿਆਚਾਰ ਚੇਤਨ ਮਨੁੱਖਾਂ ਲਈ ਵੱਡੀ ਕਤਲਗਾਹ ਤੋਂ ਵੱਧ ਕੁਝ ਨਹੀਂ ਹੁੰਦਾ। ਈਰਾਨ ਤੇ ਪਾਕਿਸਤਾਨ ਦੀ ਉਦਾਹਰਣ ਸਾਡੇ ਸਾਹਮਣੇ ਹੈ।

ਆਪਣੇ ਸਭਿਆਚਾਰ ਤੇ ਵਿਰਸੇ ਨਾਲੋਂ ਟੁੱਟੇ ਪੂੰਜੀਵਾਦੀ ਨਿਰਾਸ਼ਤਾ ਤੋਂ, ਭਾਂਜ ਖਾ ਕੇ, ਹਿੱਪੀ ਯੁਵਕ ਰੂਹਾਨੀਅਤ ਦੀ ਤਲਾਸ਼ ਲਈ ਤੇਤੀ ਕਰੋੜ ਰਿਸ਼ੀਆਂ ਮੁਨੀਆਂ ਦੇ ਦੇਸ਼ ਵੱਲ ਦੌੜਦੇ ਹਨ। ਪਰ ਉਹਨਾਂ ਦੇ ਦੇਹਧਾਰੀ ਗੁਰੂ, ਸੰਤ ਯੋਗੀ ਤੇ ਅਚਾਰੀਆਂ ਡਾਲਰ ਦੀ ਧਰਤੀ ਵਲ ਵਹੀਰਾਂ ਘੱਤੀ ਜਾ ਰਹੇ ਹਨ। ਯੂਰਪ ਦੇ ਹਿੱਪੀ, ਅਮਰੀਕਾ ਦੇ ਕੇ. ਕੇ. ਕੇ. ਯੁਵਕ, ਬਰਤਾਨੀਆਂ ਦੇ ਸਕਿਨ ਹੈਡਜ਼, ਲੈਬਨਾਨ ਦੇ ਫਲੰਜਿਸਟ। ਈਰਾਨ ਦੇ ਖੁਮੀਨੀ ਗਾਰਡ ਅਤੇ ਪੰਜਾਬ ਦੇ ਖਾਲਿਸਤਾਨੀਏ ਸਭ ਆਪਣੇ ਲੋਕ-ਸਭਿਆਚਾਰ ਨੂੰ ਭੁਲਾਈ ਬੈਠੇ ਲੋਕ ਹਨ। ਆਪਣੀ ਮਾਨਵੀ ਵਿਰੋਮਈ-ਜਲਧਾਰਾ ਨੂੰ ਸੁਕਾਣ ਦੇ ਯਤਨਾਂ ਵਿੱਚ ਹਨ।

ਪੈਸੇ ਦੀ ਪੂੰਜੀਵਾਦੀ ਸਿਆਸਤ ਨੇ ਢਾਈ ਦਰਿਆਵਾਂ ਦੇ ਛੋਟੇ ਜਹੇ ਪੰਜਾਬ ਨੂੰ ਅਗੋਂ ਵੱਖ ਵੱਖ ਚੋਣ ਹਲਕਿਆਂ ਵਿੱਚ ਵੰਡ ਕੇ ਅਤੇ ਸਿਰਫ ਆਪਣੇ ਆਪਣੇ ਹਲਕੇ ਲਈ ਜ਼ੋਰ ਨੂੰ ਸੀਮਿਤ ਰਖ ਕੇ ਪੰਜਾਬੀ ਸਭਿਆ-ਚਾਰ ਲਈ ਖਿਚੋਤਾਣੀ ਵਧਾ ਦਿੱਤੀ ਹੈ। ਚੋਣਾਂ ਦਾ ਇੱਕ ਨਿਸ਼ਾਨਾ ਮੁੱਖ ਰੱਖ ਕੇ ਵਿਧਾਇਕ (ਖਾਸ ਕਰਕੇ ਸਰਕਾਰੀ ਪਾਰਟੀ ਦੇ) ਸਿਰਫ਼ ਆਪਣੇ ਹਲਕੇ ਲਈ ਹੀ ਵਧ ਤੋਂ ਵਧ ਸਰਕਾਰੀ ਸਹੂਲਤਾਂ ਖਿੱਚਣ ਦੀ ਕੋਸ਼ਿਸ਼ ਵਿਚ ਹੁੰਦੇ ਹਨ। ਚੋਣਾਂ ਵੇਲੇ ਸੀਟਾਂ, ਉਮੀਦਵਾਰਾਂ ਤੇ ਵੋਟਾਂ ਦਾ ਲੇਖਾ ਜੋਖਾ ਧਰਮ, ਜਾਤ, ਗੋਤ ਤੇ ਉਪ-ਜਾਤ ਦੇ ਅਧਾਰ ਉੱਤੇ ਕੀਤਾ ਜਾਂਦਾ ਹੈ। ਭ੍ਰਿਸ਼ਟ, ਸਵਾਰਥੀ, ਖਾਨਦਾਨੀ, ਦਲਬਦਲੂ ਤੇ ਕਿੱਤਾ-ਸਿਆਸਤ ਨੇ ਪੰਜਾਬੀ ਸਭਿਆ-ਚਾਰ ਵਿਚ ਇਕਮੁਠਤਾ ਦੀ ਥਾਂ ਵਖਰੇਪਨ ਨੂੰ ਹੋਰ ਗੂਹੜਾ ਕੀਤਾ ਹੈ।

ਸਭਿਆਚਾਰ ਵਿੱਚ ਸਾਹਿਤ, ਕਲਾ, ਲੋਕ-ਗੀਤ, ਲੋਕ-ਨਾਚ, ਲੋਕ ਕਥਾਵਾਂ, ਤਿਉਹਾਰ ਲੋਕ ਮੇਲੇ, ਰੋਸਮ ਰਿਵਾਜ, ਲੋਕ-ਬੁਝਾਰਤਾਂ, ਲੋਕ-ਖੇਡਾਂ, ਵਹਿਮ ਭਰਮ, ਲੋਕ-ਸਦਾਚਾਰ, ਲੋਕ-ਮਰਯਾਦਾ, ਲੋਕ ਮੁਹਾਵਰੇ, ਲੋਕ ਹਾਸੇ ਮਖੌਲ ਆਦਿ ਲਈ ਵਡਾ ਹਿੱਸਾ ਹੁੰਦਾ ਹੈ। ਪੰਜਾਬੀ ਲੋਕ ਗੀਤ ਪੰਜਾਬੀ ਸਭਿਆਚਾਰ ਦਾ ਬੜਾ ਸਿਹਤਮੰਦ ਅੰਗ ਹਨ। ਅਜ ਕੱਲ ਲੋਕ ਗੀਤਾਂ ਦੇ ਨਾਮ ਉੱਤੇ ਬੇਨਾਮ ਲਘੂ ਤੁਕ—ਬੰਦੀਆਂ ਵਲੋਂ ਪੰਜਾਬੀ ਸਭਿਆਚਾਰ ਨਾਲ ਬੜਾ ਧਰੋਹ ਕਮਾਇਆ ਜਾ ਰਿਹਾ ਹੈ। ਨੰਗੇ ਲਿਬੜੇ, ਚੁਗਲੇ, ਜੂਠੇ, ਕਾਮੀ, ਕਪਟੀ, ਲਚਰ ਅਤੇ ਘੋਰ-ਅਸ਼ਲੀਲ ਬੋਲਾਂ ਨੂੰ ਲੋਕਗੀਤਾਂ ਦਾ ਨਾਮ ਦੇ ਕੇ, ਜਾਂ ਕਿਸੇ ਅਖੌਤੀ ਰੇਡੀਓ ਆਰਟਿਸਟ ਦਾ ਨਾਮ ਦੇ ਕੇ, ਰਾਤ ਦਿਨ ਲਾਊਡ ਸਪੀਕਰਾਂ, ਟੇਪ ਰੀਕਾਰਡਾਂ ਉੱਤੇ ਵਜਾਇਆ ਜਾ ਰਿਹਾ ਹੈ—ਅਕਾਸ਼ਵਾਣੀ ਅਤੇ ਦੂਰਦਰਸ਼ਨ ਉੱਤੇ ਪੇਸ਼ ਕੀਤਾ ਜਾ ਰਿਹਾ ਹੈ। ਤੂੜੀਵਾਲਾ ਕੋਠਾ, ਸਾਗ, ਤੰਦਣਾ, ਖੁਰਲੀ, ਕੁਤਰਾ ਲਵੇਰੀ ਮੱਝ, ਵਹਿੜਕਾ ਕਣਕਾਂ, ਕਮਾਦ, ਆਦਿ ਪੰਜਾਬੀ ਕਿਸਾਨੀ ਸਭਿਆਚਾਰ ਦੇ ਅਨਿਖੜ ਅੰਗ ਹਨ। ਇਹਨਾਂ ਦੇ ਗੁਝੇ ਕਾਮੀ ਅਰਥ ਕਢਣਾ ਅਤੇ ਕਿਰਤੀ ਔਰਤ ਨੂੰ ਜ਼ਲੀਲ ਕਰਨਾ ਸਾਡੇ ਲੋਕ ਸਭਿਆਚਾਰ ਨੂੰ ਜ਼ਲੀਲ ਕਰਨਾ ਹੈ। ਥਾਂ ਥਾਂ ਲਚਰ ਗੀਤਕਾਰ ਜੋੜਿਆਂ ਨੇ ਆਪਣੇ ਲਿਬੜੇ ਬੋਲਾਂ ਅਤੇ ਘਿਰਣਤ ਕਾਮੀ ਇਸ਼ਾਰਿਆਂ ਨਾਲ ਦਿਉਰ ਭਰਜਾਈ, ਜੀਜਾ-ਸਾਲੀ, ਨੂੰਹ ਸੌਹਰਾ ਅਤੇ ਜੇਠ ਭਰਜਾਈ ਦੇ ਸਦੀਆਂ ਪੁਰਾਣੇ ਪਵਿੱਤਰ ਮਾਨਵੀ ਰਿਸ਼ਤਿਆਂ ਨੂੰ ਭ੍ਰਿਸ਼ਟ ਕੀਤਾ ਹੈ। ਸਾਡੇ ਲੋਕ ਗੀਤ ਤਾਂ ਧੁਰ ਅੰਦਰ ਤਕ ਕੰਬਣੀ ਛੇੜ ਜਾਣ ਵਾਲੇ ਹਿਰਦੇ ਅੰਦਰ ਘਰ ਕਰ ਜਾਣ ਵਾਲੇ ਹਨ—

ਮਾਪੇ ਮੂੰਹੋਂ ਦੁੱਖ ਪੁਛਦੇ
ਪਾਣੀ ਮਰਿਆਂ ਹੱਡਾਂ ਦਾ ਸੁਕਦਾ।

ਇਹਨਾਂ ਦੋ ਸਤਰਾਂ ਵਿੱਚ ਸਾਡਾ ਸਾਰਾ ਮਾਨਵੀ ਸਭਿਆਚਾਰ ਲੁਕਿਆ ਪਿਆ ਹੈ।

ਪੰਜਾਬੀ ਲੋਕ ਸੰਗੀਤ ਨੂੰ ਮੁੜ ਲੋਕਾਂ ਦੇ ਕੰਨਾਂ ਨਾਲ ਨਹੀਂ, ਦਿਲਾਂ ਨਾਲ ਜੋੜਨਾ ਹੋਵੇਗਾ। ਪੰਜਾਬੀ ਸੰਗੀਤਕ ਸੁਰਾਂ ਤੇ ਸਾਜ਼ਾਂ ਨੂੰ ਦਰਬਾਰੀ ਸਰਪ੍ਰਸਤੀ ਤੇ ਲੋਭ ਤੋਂ ਮੁਕਤ ਕਰਕੇ ਲੋਕ-ਪਿੜ ਵਿੱਚ ਲਿਆਉਣਾ ਹੋਵੇਗਾ। ਰਬਾਬ, ਢਡ, ਸਾਰੰਗੀ, ਅਲਗੋਜ਼ਾ, ਬੰਸਰੀ, ਛੈਣੇ, ਹਾਰਮੋਨੀਅਮ, ਘੜਾ, ਤੂੰਬੀ, ਆਦਿ ਨੂੰ ਪੰਜਾਬੀ ਲੋਕਵਾਦੀ ਸਭਿਆਚਾਰ ਦੇ ਪਰਸਾਰ ਲਈ ਮੁੜ ਤੋਂ

ਵਰਤਣਾ ਹੋਵੇਗਾ ।

ਪੰਜਾਬੀ ਲੋਕ ਨਾਚ ਵੀ ਪੰਜਾਬੀ ਸਭਿਆਚਾਰ ਦਾ ਜ਼ਰੂਰੀ ਅੰਗ ਹਨ । ਸਾਵਣ ਵਿੱਚ ਮੁਟਿਆਰਾਂ ਕਿਕਲੀ ਪਾਉਂਦੀਆਂ ਸਨ ਤੇ ਪੀਂਘ ਝੜਾਉਂਦੀਆਂ ਸਨ । ਵਿਆਹ ਸ਼ਾਦੀ ਸਮੇਂ ਤੀਆਂ ਦੇ ਤਿਉਹਾਰ ਸਮੇਂ ਮੁਟਿਆਰਾਂ ਦਾ ਧਮਕਦਾ ਗਿੱਧਾ ਤੇ ਗਭਰੂਆਂ ਦਾ ਧੜਕਦਾ ਭੰਗੜਾ ਹੁਣ ਕਾਲਜਾਂ ਤਕ ਜਾਂ ਕੌਮੀ-ਦਿਨ-ਸਟੇਜਾਂ ਤਕ ਸੀਮਤ ਹੋ ਕੇ ਰਹਿ ਗਿਆ ਹੈ । ਲੋੜ ਹੈ ਗਿੱਧੇ ਤੇ ਭੰਗੜੇ ਨੂੰ ਕਿਰਤੀ ਕਿਸਾਨੀ ਜੁਝਾਰੂ ਬੋਲੀਆਂ ਨਾਲ ਅਤੇ ਸਧਾਰਨ ਪੰਜਾਬੀ ਲਿਬਾਸ ਵਿੱਚ ਮੁੜ ਤੋਂ ਪੰਜਾਬੀ ਲੋਕ ਸਭਿਆਚਾਰਕ ਸਟੇਜਾਂ ਦਾ ਅੰਗ ਬਣਾਇਆ ਜਾਵੇ । ਪੰਜਾਬੀ ਭੰਗੜੇ ਨੂੰ ਸ਼ਰਾਬ, ਜਗੀਰੂ-ਚਮਕਦਮਕ, ਖਰੂਦ ਅਤੇ ਬੇਲੋੜੇ ਸ਼ੋਰ ਤੋਂ ਵੀ ਮੁਕਤ ਕਰਨਾ ਹੋਵੇਗਾ । ਨਕਲਾਂ, ਰਾਸਾਂ, ਸਵਾਂਗ, ਗਤਕੇ ਤੇ ਜਮੂਰੇ ਨੂੰ ਮੁੜ ਤੋਂ ਜੀਵਤ ਕਰ ਕੇ ਸਿਆਸੀ ਤੇ ਧਾਰਮਿਕ ਪਾਖੰਡ ਤੋਂ ਪਰਦਾ ਲਾਹੁਣ ਲਈ ਵਰਤਿਆ ਜਾ ਸਕਦਾ ਹੈ ।

ਪੰਜਾਬ ਦੇ ਖੇਡਾਂ ਵਿਚ ਯੋਗਦਾਨ ਦੀ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਜ਼ਰੂਰ ਕੁਝ ਚਰਚਾ ਹੁੰਦੀ ਹੈ । ਪੰਜਾਬੀ ਲੋਕ ਖੇਡਾਂ ਜਿਵੇਂ ਗੁੱਲੀ ਡੰਡਾ, ਖਿੱਦੋ ਖੂੰਡੀ, ਰਸਾਕਸ਼ੀ, ਮੁਗਦਰ ਚੁਕਣਾ, ਡੰਡ ਬੈਠਕਾਂ ਕੱਢਣਾ, ਬਾਂਦਰ ਕੀਲਾ, ਕੋਟੜਾ ਛਪਾਕੀ, ਲੁਕਣਮੀਟੀ, ਖੋਹ ਖੋਹ, ਊਠਕ ਬੈਠਕ ਆਦਿ ਲਗਭਗ ਵਿਸਾਰੀਆਂ ਜਾ ਚੁਕੀਆਂ ਹਨ । ਕਰਿਕਟ ਵਰਗੀ ਅਯੱਸ਼, ਲੰਮ ਚਿਰੀ ਅਤੇ ਤਜਾਰਤੀ ਖੇਡ ਨੇ ਪੰਜਾਬੀ ਖੇਡਾਂ ਉੱਤੇ ਮਾਰੂ ਅਸਰ ਕੀਤਾ ਹੈ । ਖੇਡਾਂ ਵਿਚ ਦਿਮਾਗੀ ਚੁਸਤੀ ਸਰੀਰਕ ਮੁਕਾਬਲੇ ਤੇ ਸਾਂਝੇ ਮਨੋਰੰਜਨ ਦੀ ਥਾਂ ਸਿਆਸੀ ਕੁਟਲਨੀਤੀ, ਅਫਸਰਸ਼ਾਹੀ ਅਤੇ ਵਪਾਰਕ-ਰੁਝਾਨ ਪੈਦਾ ਹੋ ਗਿਆ ਹੈ ।

ਉੱਚਾ ਬੋਲਣਾ, ਖਰ੍ਹਵਾ ਤੇ ਭੱਦਾ ਬੋਲਣਾ, ਮੋਟੀ ਗਾਲ੍ਹ ਕਢ ਕੇ ਬੁਲਾਣਾ, ਪੈਸਾ ਹੋਵੇ ਤਾਂ ਸ਼ਰਾਬ ਪੀਣੀ, ਪੀ ਕੇ ਗਲੀਆਂ ਵਿਚ ਚਾਂਗਰਾਂ ਮਾਰਨੀਆਂ ਤੇ ਫਿਰ ਸੱਟ ਲਗਾਂ ਲਵਾ ਕੇ ਕਚਹਿਰੀਆਂ ਵਿਚ ਖਜਲ ਖੁਆਰ ਹੋਣਾ—ਇਹ ਪੰਜਾਬੀ ਲੋਕ ਸਭਿਆਚਾਰ ਦਾ ਹਿੱਸਾ ਨਹੀਂ—ਸੱਭਿਆਚਾਰਕ ਜ਼ਵਾਲ ਦਾ ਹਿੱਸਾ ਤਾਂ ਭਾਵੇਂ ਹੋਵੇ । ਪੇਂਡੂ ਪੰਜਾਬੀ ਸਭਿਆਚਾਰ ਤਾਂ ਛੋਟੀ ਜਹੀ ਪ੍ਰਾਪਤੀ ਨੂੰ ਫਤਹਿ ਇਕ ਨੂੰ ਸਵਾ ਲੱਖ ਅਤੇ ਨਿੱਜ ਦੇ ਭਲੇ ਦੀ ਥਾਂ ਸਰਬਤ ਦਾ ਭਲਾ ਚਿਤਵਣ ਵਿਚ ਹੈ । ਪੰਜਾਬੀ ਕਿਸਾਨ ਗਭਰੂ ਮਸਿਆਂ ਮੇਲਿਆ ਵਿਚ ਆਪਣੇ ਪੱਟਾਂ ਉੱਤੇ ਮੋਰਨੀ ਨਹੀਂ ਪਆਉਂਦੇ ਨਾ ਹੀ ਬੱਤੀ ਦੰਦਾਂ ਦੀ ਕੈਦ ਵਿਚ ਸੋਨੇ ਦੀ ਜੜਤ ਜਾਂ ਮੇਖ ਵਾਲਾ ਕੋਈ ਆਜ਼ਾਦ ਦੰਦ ਅਜ ਕਲ ਦਿਸਦਾ ਹੈ । ਹੁਣ ਤਾਂ ਪਿੰਡਾਂ ਵਿਚ ਵੀ ਚਾਬੀ ਵਾਲੇ ਖਿਡੌਣੇ ਅਤੇ ਚਾਹ ਦੀ ਚਾਬੀ ਨਾਲ ਚਲਣ ਵਾਲੇ ਮਨੁੱਖ ਪਹੁੰਚ ਗਏ ਹਨ । ਸ਼ਹਿਰੀ ਅਮੀਰ ਕੋਠੀਆਂ ਦੇ ਲਾਨ ਵਿਚ ਸਿਰ ਕਟਿਆ ਸੁਲਾਠੀ ਘਾਹ ਹੈ—ਕੁਦਰਤ ਰਾਣੀ ਦੇ ਅਣਕੱਜ ਦੀਦਾਰ ਨਹੀਂ । ਪਿੰਡਾਂ ਵਿਚ ਵੀ ਮਿੱਟੀ ਦੇ ਗਮਲਿਆਂ ਵਿਚ ਪਲਾਸਟਿਕ ਦੇ ਫੁਲ ਹਨ, ਜ਼ਮੀਨ ਦੀ ਪੋਟਾ ਪੋਟਾ ਵੰਡ ਵਿਚ ਕੁਦਰਤੀ ਫੁਲਾਂ ਲਈ ਤਾਂ ਕੋਈ ਕਿਆਰੀ ਬਚੀ ਹੀ ਨਹੀਂ ।

ਸਭਿਆਚਾਰ ਦੀ ਉਥਾਨ ਲਈ ਜਿਥੇ ਲੋਕਵਾਦੀ ਰਾਜਨੀਤਕ ਢਾਂਚੇ ਦੀ ਲੋੜ ਹੈ, ਇਥੇ ਮੁਆਫਕ ਅਰਥਚਾਰੇ ਬਿਨਾਂ ਵੀ ਗੁਜ਼ਾਰਾ ਨਹੀਂ । ਕਾਡਵੈੱਲ ਨੇ ਕਿਹਾ ਹੈ—"ਸਭਿਆਚਾਰ ਨੂੰ ਆਧੁਨਿਕ ਉਪਜ ਤੋਂ ਵੱਖ ਨਹੀਂ ਕੀਤਾ ਜਾ ਸਕਦਾ । ਮਨੁੱਖ ਦੀ ਆਪਣੇ ਆਪ ਨੂੰ ਅਤੇ ਕੁਦਰਤ ਉੱਤੇ ਵਧ ਰਹੀ ਮਾਲਕੀ ਮਨੁੱਖ ਅੰਦਰਲੀਆਂ ਯੋਗਤਾਵਾਂ ਦੇ ਵਿਕਾਸ ਦਾ ਸਿੱਟਾ ਨਹੀਂ, ਸਗੋਂ ਪੈਦਾਵਾਰੀ ਦੇ ਸਾਧਨਾਂ ਵਿਚ ਵਿਕਾਸ ਦਾ ਸਿੱਟਾ ਹੈ । ਅਮੀਰ ਤੇ ਗਰੀਬ ਪੂੰਜੀਪਤੀ ਅਤੇ ਮਜ਼ਦੂਰ ਜ਼ਿਮੀਦਾਰ ਅਤੇ ਸੀਰੀ ਦੇ ਸਭਿਆਚਾਰਕ ਅੰਤਰ ਨੂੰ ਦੂਰ ਕਰਨ ਲਈ ਆਰਥਕ ਬਰਾਬਰਤਾ ਲਿਆਉਣੀ ਜ਼ਰੂਰੀ ਹੈ । ਜਿਹੜੀ ਪਰੋਲਤਾਰੀ ਇਨਕਲਾਬ ਤੋਂ ਬਾਅਦ ਹੀ ਸੰਭਵ ਹੋ ਸਕਦੀ ਹੈ ।

ਪੰਜਾਬੀ ਲੋਕ ਸਭਿਆਚਾਰ ਦੇ ਵਿਗਾੜ 'ਚ ਪੰਜਾਬੀ ਫਿਲਮਾਂ ਦੇ ਅਤਿ ਨੀਵੇਂ, ਗੰਵਾਰ, ਉੱਜੜ ਤੇ ਲੱਚਰ ਰੁਝਾਨ ਨੇ ਵੱਡਾ ਨਿਖੇਧਾਤਮਕ ਹਿੱਸਾ ਪਾਇਆ ਹੈ । ਕੋਹਝੇ ਤੇ ਘਟੀਆ ਸੀਨ, ਕਾਮੀ ਵਾਰਤਾਲਾਪ, ਸਸਤੇ ਤੇ ਨੀਵੇਂ ਪੱਧਰ ਦੇ ਮਜ਼ਾਕ, ਅਤੇ ਬਿਲਕੁਲ ਅਣਯਥਾਰਥਕ ਮਾਹੌਲ ਵੇਖ ਕੇ ਪੰਜਾਬੀ ਸਭਿਆਚਾਰ ਸ਼ਰਮਸਾਰ ਹੋ ਜਾਂਦਾ ਹੈ ਅਤੇ ਦੁਨੀਆਂ ਸਾਹਮਣੇ ਪੰਜਾਬੀਅਤ ਦੀ ਖਿੱਲੀ ਉੱਡਦੀ ਹੈ । ਇਹਨਾਂ ਫਿਲਮਾਂ ਅਤੇ ਫਿਲਮਕਾਰਾਂ ਦਾ ਸਮਾਜਕ ਬਾਈਕਾਟ ਕਰਨਾ ਚਾਹੀਦਾ ਹੈ ।

ਚਸਕਾ ਨੁਮਾ ਬਾਜ਼ਾਰੂ ਥੀਏਟਰ ਦੇ ਅਸ਼ਲੀਲ ਤੇ ਵਿਭਚਾਰੀ ਪ੍ਰਦਰਸ਼ਨ ਨੇ ਵੀ ਪੰਜਾਬੀ ਸਭਿਆਚਾਰ ਨੂੰ ਢਾਹ ਲਾਈ ਹੈ । ਇਹਨਾਂ ਲਚਰ ਤੇ ਕਾਮ-ਉਕਸਾਊ ਡਰਾਮਿਆਂ ਨੂੰ ਭਾਂਜ ਦੇਣ ਲਈ ਲੋਕ-ਪੱਖੀ ਰੰਗਮੰਚ ਨੂੰ ਵਿਕਾਸਨ ਤੇ ਪਰਚਾਰਨ ਦੀ ਲੋੜ ਹੈ ।

ਪੰਜਾਬੀ ਲੋਕ ਸਭਿਆਚਾਰ ਨੂੰ ਅਣਪੱਚ ਅਤੇ ਅਣਉਪਜਾਊ ਪਛਮੀ ਸਭਿਆਚਾਰ ਦੇ ਪ੍ਰਭਾਵ ਤੋਂ ਵੀ ਬਚਾਣ ਦੀ ਲੋੜ ਹੈ । ਦਰਾਮਦ ਕੀਤੀ ਗਈ ਹਰ ਚੀਜ਼ (ਭਾਵੇਂ ਉਸ ਉਤੇ ਸਿਰਫ਼ ਮੋਹਰ ਹੀ ਬਦੇਸ਼ੀ ਹੋਣ ਦੀ ਹੋਵੇ) ਨੂੰ ਤਰਜੀਹ ਦੇਣਾ, ਸਾਡੀ ਦਾਸ ਭਾਵਨਾ ਨੂੰ ਦਰਸਾਉਂਦਾ ਹੈ । ਪੰਜਾਬੀ ਸਭਿਆਚਾਰ ਨੂੰ ਬਰੇਨ ਡਰੇਨ ਤੋਂ ਵੀ ਖਤਰਾ ਭਾਸ਼ ਰਿਹਾ ਹੈ । ਬਹੁਤ ਸਾਰੇ ਪੰਜਾਬੀ ਡਾਕਟਰ, ਇੰਜਨੀਅਰ, ਸਾਇੰਸਦਾਨ ਆਦਿ ਡਿਗਰੀ ਪਰਾਪਤ ਕਰਨ ਤੋਂ ਬਾਅਦ ਕਿਸੇ ਬਦੇਸ਼ੀ ਕੁੜੀ ਨਾਲ

ਸ਼ਾਦੀ ਕਰਵਾ ਕੇ ਜਾਂ ਹੋਰ ਕਿਸੇ ਢੰਗ ਨਾਲ ਆਪਣਾ ਦੇਸ਼ ਛਡ ਜਾਂਦੇ ਹਨ ।

ਜਿਉਂ ਜਿਉਂ ਨਗਰਚੇਤਨਾ ਵੱਧ ਰਹੀ ਹੈ— ਮਨੁੱਖ ਸੁੰਗੜਦਾ ਜਾ ਰਿਹਾ ਹੈ । ਸ਼ਹਿਰ ਵਿਚ ਨਾਲ ਨਾਲ ਜੁੜੇ ਨਿੱਕੇ ਨਿੱਕੇ ਘਰ ਸਮੁੰਦਰ ਵਿੱਚ ਫੈਲੇ ਟਾਪੂ ਬਣਦੇ ਜਾ ਰਹੇ ਹਨ । ਨਾਲ਼ਦੇ ਗਵਾਂਢੀ ਨਾਲ ਕੋਈ ਵਾਸਤਾ ਨਹੀਂ । ਕੋਈ ਸਾਂਝ ਨਹੀਂ । ਪੁਰਾਣੇ ਸਾਂਝੇ ਦੁੱਖ ਸੁੱਖ ਵਾਲੇ ਅਤੇ ਪ੍ਰਾਹੁਣਾਚਾਰੀ ਵਾਲੇ ਪੰਜਾਬੀ ਵਿਰਸੇ ਨੂੰ ਮੁੜ ਤੋਂ ਉਘਾੜਨ ਦੀ ਲੋੜ ਹੈ । ਖਾਣ-ਮੇਜ਼ ਉੱਤੇ ਖਾਣਾ ਲਗਾ ਕੇ ਖਾਣ ਨਾਲੋਂ ਚੁਲ੍ਹੇ ਦੁਆਲੇ, ਸਫ ਉਤੇ ਬੈਠ ਕੇ ਖਾਣ ਵਿੱਚ ਵਧੇਰੇ ਨਿੱਘ ਹੈ । ਬਚਿਆਂ ਦੇ ਜਨਮ ਦਿਨ ਮਨਾਉਂਦਾ ਜੇ ਜ਼ਰੂਰੀ ਹੋਵੇ, ਤਾਂ ਮੋਮਬੱਤੀਆਂ ਜਗਾ ਕੇ ਫੇਰ ਫੂਕ ਮਾਰ ਕੇ ਬੁਝਾ ਕੇ ਕੁਸ਼ਗਨ ਕਰਨ ਦੀ ਭਲਾ ਕੀ ਮਜਬੂਰੀ ਹੈ ? ਰੋਸ਼ਨੀ ਤਾਂ ਜਗਦੀ ਹੀ ਠੀਕ ਲਗਦੀ ਹੈ ।

ਪੰਜਾਬ ਵਿੱਚ ਖੇਤੀਬਾੜੀ ਦਾ ਮਸ਼ੀਨੀਕਰਨ ਬੜੀ ਤੇਜ਼ੀ ਨਾਲ ਅਗੇ ਵਧਿਆ ਹੈ । ਮਨੁੱਖ ਦੀ ਥਾਂ ਕਾਫੀ ਹੱਦ ਤਾਈਂ ਮਸ਼ੀਨ ਨੇ ਲੈ ਲਈ ਹੈ । ਬੀਜਾਈ, ਕਟਾਈ ਦੇ ਸਿਖਰ-ਮੌਸਮ ਵੇਲੇ ਉਤਰ ਪ੍ਰਦੇਸ਼, ਬਿਹਾਰ ਆਦਿ ਤੋਂ ਮਜ਼ਦੂਰ ਆ ਜਾਂਦੇ ਹਨ । ਪੰਜਾਬੀ ਕਿਸ਼ਾਨ ਪਾਸ ਵਿਹਲ ਵਧ ਗਿਆ ਹੈ । ਪੜ੍ਹਾਈ ਲਿਖਾਈ ਤੇ ਤਰਕ ਦੀ ਘਾਟ ਹੋਣ ਕਰਕੇ ਅਗਾਂਹ ਵਧੂ ਪਾਰਟੀਆਂ ਦੀ ਸਿਥਲਤਾ ਕਰਕੇ, ਪੰਜਾਬੀ ਕਿਸਾਨ ਮਾਰੂ ਫਿਰਕੂ ਸਿਆਸਤ ਦਾ ਅਸਰ ਵਧਦਾ ਗਿਆ ਹੈ । ਏਹੋ ਕਾਰਨ ਹੈ ਕਿ ਫਿਰਕੂ ਮੋਰਚੇ ਸਫਲ ਹੁੰਦੇ ਰਹੇ ਜਦੋਂ ਕਿ ਆਰਥਕ ਸਮਸਿਆਵਾਂ ਅਣਗੌਲੀਆਂ ਪਈਆਂ ਰਹੀਆਂ ਹਨ ।

ਪੰਜਾਬ ਵਿਚ ਕਦੀ ਪੂਰੀ ਵਾਂਗੀ ਵਤਰ ਆਈ ਪੈਲੀ ਵਿਚ ਸਾਰੀ ਪੱਤੀ ਦੇ ਹੱਲ ਇਕ ਲਾਈਨ ਵਿਚ ਚੱਲਦੇ ਸਨ । ਵਾਰੀ ਵਾਰੀ ਇਕ ਬਲਦ ਦੂਜੇ ਨੂੰ ਦੇ ਕੇ ਅਤੇ ਫੇਰ ਲੈ ਕੇ ਇਕ ਬਲਦ ਨਾਲ ਵੀ ਖੇਤੀ ਤੋਰੀ ਜਾ ਸਕਦੀ ਸੀ । ਮੰਗ ਪਾ ਕੇ ਵਾਢੀ ਕੀਤੀ ਜਾਂਦੀ ਸੀ । ਅੱਜ ਪੰਜਾਬੀ ਕਿਸਾਨ ਟਿਊਬਵੈਲ ਦੇ ਸਿਰਹਾਣੇ ਬੈਠਾ ਦਸ ਦਸ ਘੰਟੇ ਬਿਜਲੀ ਦੀ ਉਡੀਕ ਵਿੱਚ ਜਾਂ ਟਰੈਕਟਰ ਲਈ ਸ਼ਹਿਰ ਤੇਲ ਲੈਣ ਗਿਆ ਸਾਰਾ ਸਾਰਾ ਦਿਨ ਤੇਲ ਦੀ ਉਡੀਕ ਵਿੱਚ ਪੈਟਰੋਲ ਪੰਪ ਤੇ ਬੈਠਾ ਗੁਜ਼ਾਰ ਦਿੰਦਾ ਹੈ । ਗਰਾਮੀ ਸਭਿਆਚਾਰ ਵਿੱਚ ਪਹਿਲਾਂ ਸੂਦਖੋਰ ਸ਼ਾਹੂਕਾਰ ਦਾ ਹੀ ਖਲ-ਰੈਲ ਹੁੰਦਾ ਸੀ । ਅਜ ਕਲ ਛੋਟਾ ਕਿਸਾਨ ਆੜਤੀਏ,ਕਰਜ਼ਾ ਵਸੂਲਣ ਵਾਲੇ ਸਰਕਾਰੀ ਕਰਿੰਦੇ ਅਤੇ ਕਟਾਈ-ਕਮਬਾਈਨਾ ਅਤੇ ਹੋਰ ਮਸ਼ੀਨਾਂ ਕਿਰਾਏ ਉਤੇ ਦੇਣ ਵਾਲੇ ਵਡੇ ਜ਼ਿਮੀਦਾਰਾ ਜਾਂ ਵਾਪਰੀਆਂ ਦੇ ਰਹਿਮ ਦਾ ਪਾਤਰ ਵੀ ਬਣ ਗਿਆਂ ਹੈ । ਦੂਜੇ ਪਾਸੇ ਵਡੇ ਕਿਸਾਨਾਂ ਵਿੱਚ ਜਟਵਾਦ ਦਾ ਭੂਪਵਾਦੀ ਸੰਕਲਪ ਹਾਲੀ ਵੀ ਭਾਰੂ ਹੈ ।

ਪੰਜਾਬੀ ਪਰੰਲਤਾਰੀ ਸਭਿਆਚਾਰ ਉਤੇ ਲੁਕਵਾਂ ਸਾਮਰਾਜੀ ਹਮਲਾ ਜਾਗਦੀਆਂ ਅੱਖਾਂ ਲਈ ਬੜਾ ਉਘੜਵਾਂ ਹੈ—ਇਹ ਹਮਲਾ ਜਸੂਸੀ ਨਾਵਲਾਂ, ਨੰਗੇ ਰਸਾਲਿਆ ਰਾਹੀਂ ਵੀ ਹੈ । ਵਿਦਿਆਰਥੀਆਂ ਨੂੰ ਵਜ਼ੀਫਿਆ ਰਾਹੀਂ ਵੀ ਅਤੇ ਬੁਧੀਜੀਵੀਆਂ ਦੇ ਲੈਕਚਰ ਟੂਰਾਂ ਰਾਹੀਂ ਵੀ ਹੈ । ਸਹਿਰਾਂ ਤੋਂ ਤੁਰਕੇ ਵੱਡੇ ਪਿੰਡਾਂ ਤੱਕ ਫੈਲ ਰਿਹਾ ਹੈ 'ਸ਼ੇਰ ਸਕ੍ਰਾਵਾਂ' ਤੇ ਰੋਟਰੀ ਕਲਬਾਂ ਦਾ ਜਾਲ ਇਸ ਹਮਲੇ ਦਾ ਪਸਾਰਾ ਹੈ । ਕੋਲਾ-ਕਰਿਕਟ-ਡਿਸਕੋ ਸਭਿਆਚਾਰ ਆਪਣਾ ਮਿੱਠਾ ਜ਼ਹਿਰ ਫੈਲਾ ਰਿਹਾ ਹੈ । ਦੂਜੇ ਪਾਸੇ ਪੰਜਾਬੀ ਬੁਧੀਜੀਵੀ, ਪੰਜਾਬੀ ਸਭਿਆਚਾਰ ਦਾ ਦਿਮਾਗ ਬਨਣ ਦੀ ਥਾਂ, ਸਮੂਹ ਨਾਲੋਂ ਕਟਿਆ ਆਪਣੀ ਖਿਆਲੀ ਦੁਨੀਆ ਵਿੱਚ ਬੈਠਾ ਆਪੇ ਦੀ ਕੈਦ ਵਿੱਚ ਬੰਦ ਹੈ । ਆਪਣੇ ਆਸੇ ਪਾਸੇ ਪਸਾਰੇ ਗੁਲਾਮੀ ਦੇ ਚਿੰਨ੍ਹਾਂ ਨੂੰ ਹੀ ਉਹ ਆਜ਼ਾਦ ਰੇਖਾਵਾਂ ਸਮਝ ਕੇ ਪੂਜਣ ਲਗ ਪਿਆ ਹੈ ।

ਸਭਿਆਚਾਰ ਦੇ ਉਤਰਾ ਚੜ੍ਹਾਅ ਵਿੱਚ ਇਸਤਰੀ ਦਾ ਬੜਾ ਵੱਡਾ ਹਿੱਸਾ ਹੁੰਦਾ ਹੈ । ਪੰਜਾਬੀ ਇਸਤਰੀ ਨੂੰ ਗੁਰੂ ਨਾਨਕ ਦੇਵ ਦੇ 'ਜਿਤ ਜੰਮੇ ਰਾਜਾਵਾਂ'' ਕਹਿ ਕੇ ਸਤਿਕਾਰਿਆ ਸੀ । ਪਿੰਡ ਦੀ ਨੂੰਹ, ਧੀ, ਭੈਣ, ਸਾਰੇ ਪਿੰਡ ਦੀ ਨੂੰਹ ਧੀ, ਭੈਣ ਹੁੰਦੀ ਸੀ । ਇਕੱਲੀ ਇਸਤਰੀ ਖੇਤਾਂ ਵਿਚ ਰੋਟੀਆਂ ਲੈ ਕੇ ਜਾਂਦੀ ਸੀ, ਕਪਾਹ ਚੁਗਦੀ ਸੀ, ਸਾਗ ਤੋੜਦੀ ਸੀ, ਸਿੱਟੇ ਚੁਗਦੀ ਸੀ । ਘਾਹ ਖੋਤਦੀ ਸੀ । ਪਰ ਹੌਲੀ ਹੌਲੀ ਸਾਮੰਤਸ਼ਾਹੀ ਪਕੜ ਦੇ ਵਧਣ ਨਾਲ ਇਸਤਰੀ ਵਿਅਕਤੀ ਤੋਂ ਵਸਤੂ ਬਣ ਗਈ । ਪਿੰਡ ਦੇ ਹਰੀਜਨ ਦੀ ਨੂੰਹ, ਧੀ,ਭੈਣ ਦਾ ਪਿੰਡ ਦੇ ਜੱਟ ਜ਼ਿਮੀਦਾਰ ਨਾਲ ਕੋਈ ਪਵਿੱਤਰ ਨਾਤਾ ਨਾ ਰਿਹਾ । ਘਰਾਂ ਵਿੱਚ ਤੇ ਖੇਤਾਂ ਵਿੱਚ ਇਕੱਲੀ ਇਸਤਰੀ ਨਾਲ ਕੋਹਝੇ ਮਖੌਲ ਹੋਣ ਲਗੇ-ਜਬਰ-ਜਿਨਾਹ ਵਧਣ ਲਗੇ । ਇਸਤਰੀ-ਸ਼ਖਸੀਅਤ ਦੀ ਫਿਰੇ ਤੋਂ ਕਦਰ ਕਾਇਮ ਕਰਨ ਲਈ ਸਾਮੰਤ ਸ਼ਾਹੀ ਕਬਜ਼ੇ ਦੀ ਜਕੜ ਤੋੜਨੀ ਹੋਵੇਗੀ । ਇਸਤਰੀ ਨੂੰ ਆਪਣੀ ਰਾਖੀ ਲਈ ਮਰਦ ਦੀ ਕਲਾਈ ਉੱਤੇ ਰਾਖੀ ਬਨਣ ਦੀ ਥਾਂ, ਭਰਾ ਪਾਸੋਂ ਸ਼ਕਤੀ ਦੀ ਮੰਗ ਕਰਨੀ ਚਾਹੀਦੀ ਹੈ । ਸਭਿਆਚਾਰਕ ਇਨਕਲਾਬ ਦੀ ਲੋੜ ਹੈ ।

ਆਉ ਨਿੱਕੀਆਂ ਨਿੱਕੀਆਂ ਸਰਹੱਦਾਂ ਵਿਚੋਂ ਬਾਹਰ ਆਈਏ । ਆਪਣ ਧਰਮ ਦੇ ਸ਼ੀਸ਼ ਮਹਿਲ ਵਿਚੋਂ ਬਾਹਰ ਝਾਕੀਏ । ਆਪਣੀ ਜ਼ਾਤ ਨੂੰ ਬੁੱਤ ਬਣਾ ਨਾ ਪੂਜੀਏ । ਮਖੌਟੇ ਉਤਾਰੀਏ । ਬੇਲਾਗਤਾ ਤਿਆਗੀਏ । ਆਪਣੇ ਪੈਰਾਂ ਹੇਠਲੀ ਮਿੱਟੀ ਨੂੰ ਪਛਾਣੀਏ । ਪੰਜਾਬੀ ਲੋਕ ਸਭਿਆਚਾਰ ਨੂੰ ਨੀਵਾਣ ਤੋਂ ਉਚਾਣ ਵੱਲ ਲੈ ਜਾਣ ਲਈ ਮਿਲ ਕਦਮ ਵਧਾਈਏ । ਅਤੇ ਪ੍ਰੋ. ਮੋਹਨ ਸਿੰਘ ਦੀ ਸੁਰ ਨਾਲ ਸੁਰ ਮਿਲਾਈਏ—

ਦਾਤੀਆਂ, ਕਲਮਾਂ ਅਤੇ ਹਥੌੜੇ
ਕੱਠੇ ਕਰ ਲਓ ਹਿੰਦ ਓ ਯਾਰ ।
ਤਕੜੀ ਇਕ ਤਰੈਸੂਲ ਬਣਾਉ,
ਯੁਧ ਕਰੇ ਪ੍ਰਚੰਡ ਓ ਯਾਰ ।

o

# ਬਿਜਲੀ ਰਾਣੀ ਦੀ ਕਹਾਣੀ.....(3)

ੋ ਐਮ.ਸੀ. ਭਾਰਦਵਾਜ

ਬਿਜਲੀ ਰਾਣੀ ਦੀ ਕਹਾਣੀ ਦੀ ਤੀਸਰੀ ਕਿਸ਼ਤ ਪੜ੍ਹਨ ਤੋਂ ਪਹਿਲਾਂ, ਪਹਿਲੇ ਅਤੇ ਦੂਜੇ ਭਾਗ ਦਾ ਸਾਰ ਜਾਣ ਲੈਣਾ ਬੇਹਤਰ ਰਹੇਗਾ :—

## ਪਹਿਲੇ ਹਿੱਸੇ ਦਾ ਸਾਰ :

ਦੇਸ਼ ਦੇ ਨੇਤਾ, ਅੱਖਾਂ ਤੇ ਹਰੀਆਂ ਐਨਕਾਂ ਲਗਾਈ, ਬੇਸ਼ੱਕ, ਬਿਜਲੀ-ਸੰਕਟ ਨੂੰ ਘਟਾ ਕੇ ਪੇਸ਼ ਕਰਨ ਪਰ ਹਕੀਕਤ ਇਹ ਹੈ ਕਿ 'ਸੰਮਤ 2000 ਤੀਕ ਵੀ ਬਿਜਲੀ ਸੰਕਟ ਤੋਂ ਮੁਕਤੀ ਪ੍ਰਾਪਤ ਨਹੀਂ ਹੋ ਸਕੇਗੀ, ਹਾਂ, ਸੰਕਟ ਡੂੰਘੇਰਾ ਬੇਸ਼ੱਕ ਹੁੰਦਾ ਜ਼ਾਏ...? ਬਿਜਲੀ-ਕੋਲੇ—ਪੈਟਰੌਲ ਦੇ ਸੰਕਟ ਨੂੰ ਦੂਰ ਕਰਨ ਲਈ ਜ਼ਰੂਰੀ ਸੀ ਕਿ ਵਧੇਰੇ ਤੋਂ ਵਧੇਰੇ ਮਾਤਰਾ ਵਿਚ ਕੁਦਰਤੀ—ਸ਼ਕਤੀ—ਸੋਮਿਆਂ ਦੀ ਖੋਜ ਕੀਤੀ ਜਾਂਦੀ ਪਰ ਬੜੇ ਦੁਖ ਨਾਲ ਇਹ ਕਹਿਣਾ ਪੈ ਰਿਹਾ ਕਿ ਸ਼ਕਤੀ ਦੀ ਖੋਜ ਸਬੰਧੀ ਬੱਜਟ ਵਿਚੋਂ 90 ਫੀਸਦੀ ਤਾਂ ਐਟਮਬੰਬ ਅਤੇ ਸ਼ੁਕਰ-ਸ਼ਨਿਚਰ ਗ੍ਰਹਿਆਂ ਦੀ ਖੋਜ ਉਪਰ ਫੂਕਿਆ ਜਾ ਰਿਹਾ ਹੈ। ਕੋਲੇ, ਪੈਟਰੌਲ ਅਤੇ ਬਿਜਲੀ ਦੀ ਖੋਜ ਉਪਰ, ਕੁਲ ਮਿਲਾ ਕੇ ਦਸ ਪ੍ਰਸੈਂਟ ਹੀ ਖਰਚ ਹੋ ਰਿਹਾ ਹੈ—ਨਤੀਜੇ ਵਜੋਂ ਸ਼ਕਤੀ-ਸੰਕਟ (Energy crisis) ਦਿਨ-ਬ-ਦਿਨ ਵਧਦਾ ਹੀ ਜਾ ਰਿਹਾ ਹੈ।*

ਭਾਵੇਂ ਦੇਸ਼ ਵਿਚ ਪਾਣੀ ਦੇ ਬੇਅੰਤ ਸੋਮੇ ਹਨ ਜਿਨ੍ਹਾਂ ਨੂੰ ਡੈਮਾਂ ਰਾਹੀਂ ਵਰਤੋਂ ਵਿਚ ਲਿਆ ਕੇ, ਹਜ਼ਾਰਾਂ ਨਹੀਂ ਬਲਕੇ ਲੱਖਾਂ ਪਿੰਡਾਂ ਨੂੰ ਰੁਸ਼ਨਾਇਆ ਜਾ ਸਕਦਾ ਹੈ, ਹਜ਼ਾਰਾਂ ਕਾਰਖਾਨਿਆਂ ਨੂੰ ਚਲਾਇਆ ਜਾ ਸਕਦਾ ਹੈ ਪਰ ਕੇਂਦਰੀ ਪਲੈਨਿੰਗ ਕਮਿਸ਼ਨ ਵਿਚ ਬੈਠੇ ਦੇਸੀ-ਬਦੇਸੀ ਸਰਮਾਏਦਾਰੀ ਦੇ ਏਜੰਟ, ਦੇਸੀ ਕੁਦਰਤੀ ਸੋਮਿਆਂ ਨੂੰ ਵਰਤੋਂ ਵਿਚ ਲਿਆਉਣ ਦੀ ਬਜਾਏ, ਸਾਰਾ ਜ਼ੋਰ ਪੈਟਰੌਲ ਦੀ ਆਮਦ (IMPORT) ਤੇ ਲਗਾਈ ਜਾ ਰਹੇ ਹਨ—ਬਿਨਾ ਸ਼ੱਕ ਇਸ ਪਟਰੌਲ ਦੇ ਬਦਲੇ ਵਜੋਂ, ਅਰਬਾਂ-ਖਰਬਾਂ ਦੇ ਮੁੱਲ ਦੀਆਂ ਲੁੜੀਂਦੀਆਂ ਚੀਜ਼ਾਂ ਜਿਵੇਂ ਜਰਸੀਆਂ—ਸਵਾਟਰ, ਆਲੂ—ਟਮਾਟਰ, ਪਟਸਨ ਚਾਹ, ਰੇਸ਼ਮ-ਕਪਾਹ ਸੀਮੈਂਟ-ਸਟੀਲ ਅਦਿ ਦੇ ਜਹਾਜ਼ਾਂ ਦੇ ਜਹਾਜ਼ਾਂ ਦੇ ਜਹਾਜ਼ ਭਰ 2 ਕੇ ਬਾਹਰ ਭੇਜਣੀਆਂ ਪੈ ਰਹੀਆਂ ਹਨ। ਪਿਛਲੇ ਪੰਜਾਂ ਸਾਲਾਂ ਦੁਰਾਨ ਹੀ ਦੋ ਖਰਬ (2,00,00,00,00,000) ਦੇ ਮੁੱਲ ਦੀਆਂ ਭਾਰਤੀ ਚੀਜ਼ਾਂ ਭਾਰਤੀਆਂ ਤੋਂ ਖੋਹ 2 ਕੇ; ਬਾਹਰ ਭੇਜੀਆਂ ਗਈਆਂ ਹਨ !!! ਜਿਨੇ ਦਾ ਪੈਟਰੌਲ ਅਸੀਂ ਹਰ ਸਾਲ, ਬਾਹਰੋਂ ਮੰਗਵਾ ਰਹੇ ਹਾਂ—ਉਨੀ ਮਾਇਆਂ ਨਾਲ ਭਾਖੜਾ ਡੈਮ ਵਰਗੇ 6 ਡੈਮ ਹਰ ਸਾਲ ਦੇਸ਼ ਵਿਚ ਬਣਾਏ ਜਾ ਸਕਦੇ ਹਨ। ਪਰ ਕੌਣ ਆਖੇ ਰਾਣੀਏ ਤੂੰ...?"

*ਅਗਰ ਇਹੋ 500 ਕਰੋੜ (ਬੱਜਟ 1980-85) ਕੋਲੇ, ਪੈਟਰੌਲ; ਬਿਜਲੀ, ਗੈਸ ਆਦਿ ਦੇ ਸੋਮਿਆਂ ਦੀ ਖੋਜ ਉਪਰ ਖਰਚ ਹੋਵੇਗਾਂ ਤਾਂ ਫਾਇਦਾ ਹਿੰਦੁਸਤਾਨੀ ਲੋਕਾਂ ਨੂੰ ਹੀ ਮਿਲੇਗਾਂ—ਅਗਰ ਇਹੋ ਪੈਸਾ ਪੁਲਾੜ ਅਤੇ ਐਟਮ ਸ਼ਕਤੀ ਦੀ ਖੋਜ ਉਪਰ ਖਰਚਣਗੇ ਤਾਂ ਲੁੜੀਂਦੀਆਂ ਮਹਿੰਗੀਆਂ/ਮਸ਼ੀਨਾਂ ਬਾਹਰੋਂ ਮੰਗਵਾਈਆਂ ਜਾਣਗੀਆਂ ਜਿਸਦਾ ਕੁਲ ਫਾਇਦਾ ਅਮ੍ਰੀਕਾ, ਫਰਾਂਸ, ਇੰਗਲੈਂਡ ਨੂੰ ਪੁੱਜੇਗਾ ਜਿਵੇਂ ਅਜ ਕਲ ਹੋ ਰਿਹਾ ਹੈ।

## ਸਾਰ ਭਾਗ ਦੂਜਾ :

ਦੇਸ਼ ਵਿਚ ਬਿਜਲੀ ਦੇ ਉਤਪਾਦਨ ਦੀ ਮੁੱਖ ਜ਼ਿਮੇਵਾਰੀ ਬਿਜਲੀ ਬੋਰਡ ਸਿਰ ਆਂਦੀ ਹੈ। ਸਾਡੀ ਸਰਕਾਰ ਤੇ ਸਰਮਾਏਦਾਰੀ ਪ੍ਰੈਸ ਇਹ ਪਰਚਾਰ ਲਗਾਤਾਰ ਜਾਰੀ ਰਖ ਰਹੀ ਹੈ ਕਿ ਬਿਜਲੀ ਬੋਰਡ ਦਿਨ-ਬਦਿਨ ਘਾਟੇ ਵਿਚ ਹੀ ਜਾ ਰਹੇ ਹਨ, ਜਦ ਕਿ ਬਿਜਲੀ ਬੋਰਡ ਲਗਾਤਾਰ ਵਧੇਰੇ ਬਿਜਲੀ ਦਾ ਉਤਪਾਦਨ ਤੇ ਵਿਕਾਸ ਕਰ ਰਹੇ ਹਨ। ਸਰਕਾਰਾਂ ਆਪਣੀ ਵਲੋਂ ਬਿਜਲੀ ਦੇ ਦਰ ਵੀ ਲਗਾਤਾਰ ਵਧਾਈ ਜਾ ਰਹੀਆਂ ਹਨ। ਬਿਜਲੀ ਬੋਰਡ ਵਿਚ ਘਾਟਿਆਂ ਦੇ ਬਹਾਨੇ ਪੰਜਾਬ ਸਰਕਾਰ ਨੇ ਪਿਛਲੇ ਅੱਠ ਸਾਲਾਂ ਦੌਰਾਨ ਸਿਰਫ ਸੱਤ ਵੇਰਾਂ ਹੀ ਰੇਟ ਵਧਾਏ ਹਨ ! ਅਜ ਪੰਜਾਬ ਵਿਚ ਘਰੇਲੂ ਬਿਜਲੀ ਦੀ ਦਰਾਂ ਕੁਲ ਭਾਰਤ ਵਿਚੋਂ ਵਧੇਰੇ ਹਨ (ਮੈਸੂਰ 22 ਪੈਸੇ, ਪੰਜਾਬ 69 ਪੈਸੇ)। ਬਿਜਲੀ ਬੋਰਡ ਵਿਚ ਘਾਟੇ ਦਾ ਮੁਖ ਕਾਰਣ ਇਹ ਦਸਿਆ ਜਾ ਰਿਹਾ ਹੈ ਕਿ ਕਿਸਾਨੀ ਨੂੰ ਸੱਸਤੀ ਬਿਜਲੀ ਦਿਤੀ ਜਾ ਰਹੀ ਹੈ(FLAT RATES) ਜਦ ਕਿ ਅਸਲੀਅਤ ਇਹ ਹੈ ਕਿ ਬਿਜਲੀ ਬੋਰਡ ਵਿਚ ਘਾਟਿਆਂ ਦੇ ਕਾਰਣ ਹੋਰ ਹਨ ਜੋ ਹੇਠ ਲਿਖੇ ਹਨ :

1. ਸਿਆਸੀ ਦਖਲ ਅੰਦਾਜ਼ੀ ਅਤੇ ਦੂਰ ਪ੍ਰਬੰਧ · 50%
2. ਥਰਮਲ ਪਲਾਟਾਂ ਰਾਹੀਂ ਮਹਿੰਗੀ ਬਿਜਲੀ ਪੈਦਾ ਹੋਣੀ 15%
3. ਦਿੱਲੀ ਨੂੰ ਬਿਜਲੀ ਦੇਣੀ 5%

4. ਕਾਰਖਾਨੇਦਾਰਾਂ ਦੁਆਰਾ ਕ੍ਰੋੜਾਂ ਰੁਪਿਆਂ ਦੀ ਬਿਜਲੀ ਚੋਰੀ — 25%
5. ਭ੍ਰਿਸ਼ਟ ਅਫਸਰਸ਼ਾਹੀ — 5%

ਜੋੜ—100%

ਪੰਜਾਂ ਕਾਰਨਾਂ ਵਿਚੋਂ ਪਹਿਲੇ ਨੁਕਤੇ ਬਾਬਤ ਵਿਆਖਿਆ ਸਹਿਤ ਦੂਜੀ ਕਿਸ਼ਤ ਵਿਚ ਦਸਿਆ ਗਿਆ ਸੀ, ਬਾਕੀ ਕਾਰਨਾਂ ਵਿਚੋਂ ਦੋ ਉਤੇ ਇਸ ਕਿਸ਼ਤ ਵਿਚ ਵਿਚਾਰ ਕੀਤਾ ਜਾਵੇਗਾ :—

* * * *

ਆਉ ਪਹਿਲਾਂ ਇਹ ਜਾਣ ਲਈਏ ਕਿ ਪਿਛਲੇ ਸਮੇਂ ਵਿਚ ਬਿਜਲੀ ਰੇਟ ਕਿੰਨੇ ਕੁ ਅਤੇ ਕਿਸ ਤਰ੍ਹਾਂ ਵਧੇ ਹਨ :

| ਸਾਲ | ਰੇਟ ਪ੍ਰਤੀ ਯੂਨਟ |
|---|---|
| 1973 ਤੀਕ | 7 ਪੈਸੇ |
| 1974 | 14 ਪੈਸੇ |
| 1975 | 18 ਪੈਸੇ |
| 1976 | 24 ਪੈਸੇ |
| 1978 | 28 ਪੈਸੇ |
| ਜੁਲਾਈ 1981 | 78 ਪੈਸੇ |
| ਜੁਲਾਈ 1982 | 84 ਪੈਸੇ* |

*ਇਹ ਰੇਟ ਇਕ ਦਰਮਿਆਨੇ ਸ਼ਹਿਰੀ ਘਰ ਦੇ ਬਿਜਲੀ ਰੇਟ ਭਾਵ ਜਿਸ ਘਰ ਵਿਚ ਦੋ ਪੱਖੇ, ਇਕ ਪ੍ਰੈਸ ਤੇ ਕਦੇ ਕਦਾਈਂ ਹੀਟਰ ਆਦਿ ਲਗਾਇਆ ਜਾਂਦਾ ਹੋਵੇ। (50 ਯੂਨਟ ਪ੍ਰਤੀ ਮਹੀਨਾ)...

ਨੋਟ : ਇਸ ਤੋਂ ਇਲਾਵਾ ਟਿਊਬਵੈਲ ਦੀ ਕੁਨੈਕਸ਼ਨ ਫੀਸ 500 ਰੁਪਏ ਤੋਂ ਯਕਦਮ 3000 ਕਰ ਦਿੱਤੀ ਗਈ ਹੈ ਜਿਸ ਨਾਲ ਤਿੰਨ-ਸਾਢੇ ਤਿੰਨ ਕਰੋੜ ਦਾ ਸਲਾਨਾ ਟੈਕਸ ਜ਼ਿਮੀਂਦਾਰ ਭਰਾਵਾਂ ਤੇ ਹੋਰ ਠੋਕ ਦਿਤਾ ਗਿਆਂ ਹੈ !

ਉਪਰਲੇ ਟੇਬਲ ਤੋਂ ਇਹੋ ਸ਼ਪਸ਼ਟ ਹੋ ਜਾਂਦਾ ਹੈ ਪਿਛਲੇ ਅੱਠਾਂ ਸਾਲਾਂ ਦੁਰਾਨ; ਸਿਰਫ ਸੱਤ ਵੇਰ੍ਹਾਂ ਹੀ ਬਿਜਲੀ ਦੇ ਦਰ ਵਧਾਏ ਗਏ ਹਨ।

ਹੈਂ......? ਸੱਤ ਵੇਰ੍ਹਾਂ...?"

ਜੀ ਹਾਂ ! ਤੁਹਾਨੂੰ ਹੈਰਾਨੀ ਕਿਉਂ ਹੋ ਰਹੀ ਹੈ ? ਜਿਸ ਦੇਸ਼ ਵਿਚ ਛਿਆਂ ਸਾਲਾਂ ਦੌਰਾਨ, 21 ਵੇਰਾਂ, ਟਾਇਰਾਂ-ਟਿਊਬਾਂ ਦੇ ਰੇਟ ਵਧ ਸਕਦੇ ਹਨ—ਉਥੇ ਅੱਠਾਂ ਸਾਲਾਂ ਦੌਰਾਨ ਅਗਰ ਬਿਜਲੀ ਦੇ ਸੱਤ ਵੇਰਾਂ ਰੇਟ ਵਧਾ ਦਿਤੇ ਗਏ ਹੋਣ ਤੇ ਹੈਰਾਨੀ ਨਹੀਂ ਹੋਣੀ ਚਾਹੀਦੀ। 1975-82 ਦੌਰਾਨ ਮੋਦੀ ਡੰਨਲੋਪ ਵਰਗੀਆਂ ਟਾਇਰਾਂ ਦੀ ਏਜੰਸੀਆਂ ਨੇ 21 ਵੇਰਾਂ ਰੇਟ ਵਧਾਏ ਹਨ। ਔਸਤਨ ਹਰ ਚੌਥੇ ਮਹੀਨੇ ਟਾਇਰਾਂ ਦੀਆਂ ਕੀਮਤਾਂ ਵਧਾਈਆਂ ਗਈਆਂ ਹਨ। ਰਾਜਸਥਾਨ ਵਿਚ ਤਾਂ ਅੰਤ ਤੰਗ ਆ ਕੇ ਡਰਾਇਵਰਾਂ, ਟਰੱਕ ਉਪਰੇਟਰਾਂ ਸਮੇਤ ਟਾਇਰ ਡੀਲਰਾਂ ਨੇ ਰਲ ਕੇ ਹੜਤਾਲ ਕੀਤੀ ਅਤੇ ਕਿਹਾ ਕਿ ਜਦੋਂ ਤੀਕ ਇਹ ਆਏ ਦਿਨ ਵਾਧਾ ਬੰਦ ਨਹੀਂ ਹੁੰਦਾ ਨਾ ਕੋਈ ਟਾਇਰ ਵੇਚੇਗਾ ਅਤੇ ਨਾ ਹੀ ਖਰੀਦੇਗਾ। ਅੰਤ ਲੋਕ ਦਬਾ ਹੇਠ ਆ ਕੇ ਮੋਦੀ ਨੇ ਆਖਰੀ ਵਾਰ ਦੇ ਵਾਧੇ ਵਿਚ 10 ਫੀ ਸਦੀ ਦੀ ਛੋਟ ਦੇ ਦਿਤੀ। ਪਰ ਅਸੀਂ ਗੱਲ ਬਿਜਲੀ ਰਾਣੀ ਦੀ ਕਰ ਰਹੇ ਹਾਂ। ਸੰਨ 1973 ਦੇ ਮੁਕਾਬਲੇ ਘਰੇਲੂ ਬਿਜਲੀ ਦੇ ਰੇਟ ਅਜ ਸਿਰਫ 12 ਗੁਣਾਂ ਹਨ। ਵੈਸੇ ਰੇਟ ਸਿਰਫ ਬਿਜਲੀ ਦੇ ਹੀ ਨਹੀਂ ਹਨ ਵਧਾਏ ਗਏ, ਸਗੋਂ ਮੀਟਰ ਦੇ ਕਿਰਾਯੇ ਵੀ ਵੱਧਦੇ ਹੀ ਆਏ ਹਨ। ਸੰਨ 1966 ਵਿਚ ਮੀਟਰ ਚਾਰਜਿਜ਼ ਕੁਲ ਅੱਠ ਆਨੇ ਪ੍ਰਤੀ ਮਹੀਨਾ ਹੁੰਦੇ ਸੋਨ, ਪਰ ਅਜ ਢਾਈ ਰੁਪਏ ਮਹੀਨਾ (5 ਗੁਣਾਂ) ਭਰਨਾ ਪੈ ਰਿਹਾ ਹੈ। ਬੰਦਾ ਕਦੇ 90 ਰੁਪਏ ਮਹੀਨੇ ਵਿਚ ਕਿਰਾਏ ਤੇ ਰਹਿੰਦਾ ਸੀ ਅਜ ਸੁੱਖ ਨਾਲ 100 ਰੁਪਿਆ ਬਿਜਲੀ ਦਾ ਬਿਲ ਹੀ ਆ ਰਿਹਾ ਹੈ . ਹੇ ਇੰਦਰਾਂ ਮਾਈ ! ਤੂੰ ਭਾਵੇਂ ਬਿਜਲੀ ਦੇ ਰੇਟ 12 ਗੁਣਾਂ ਦੀ ਥਾਂ 21 ਗੁਣਾਂ ਕਰਦੇ ਅਸੀਂ ਹਮੇਸ਼ਾਂ ਤੇਰੇ ਹੀ ਗੁਣ ਗਾਉਂਦੇ ਰਹਾਂਗੇ...ਤੇਰੇ ਹੀ ਗੁਣ ਗਾਉਂਦੇ ...ਬਸ ਤੇਰੇ ਹੀ......

## ਬਿਜਲੀ ਬੋਰਡ ਘਾਟੇ ਵਿਚ ਹੈ
## ਇਸ ਦੇ ਬਾਵਜੂਦ ਕਿ ਬੋਰਡ ਦੀ ਆਮਦਨ ਵਿਚ
## ਲਗਾਤਾਰ ਵਾਧਾ ਹੁੰਦਾ ਤੁਰਿਆ ਆ ਰਿਹਾ ਹੈ......

ਜਿਸਨੂੰ ਪੇਂਡੂ ਹਿਸਾਬ ਨਾਲ ਚੌਥੇ ਕਾਲਮ ਦੀ ਸ਼ਕਲ ਵਿਚ ਦਿਤਾਂ ਗਿਆ ਹੈ।

| ਸਾਲ | ਆਮਦਨ (GROSS-REVENUE) | ਮੁੱਖ ਮੰਤਰੀ | ਕਿੰਨਵਾਂ ਵਾਧਾ |
|---|---|---|---|
| 1972—73 | $19\frac{1}{2}$ ਕਰੋੜ | ਗਿ: ਜ਼ੈਲ ਸਿੰਘ | — |
| 1973—74 | 25 ਕਰੋੜ | ਗਿ: ਜ਼ੈਲ ਸਿੰਘ | ਬਰਕਤ |
| 1974—75 | 32 ਕਰੋੜ | ਗਿ: ਜ਼ੈਲ ਸਿੰਘ | ਦੋਆ |

| | | | |
|---|---|---|---|
| 1975—76 | 48 ਕਰੋੜ | ਗਿ: ਜ਼ੈਲ ਸਿੰਘ | ਵਾਧੇ |
| 1976—77 | 62 ਕਰੋੜ | ਗਿ। ਜ਼ੈਲ ਸਿੰਘ | ਚਾਰਾ |
| 1977—78 | 64 ਕਰੋੜ | ਪ੍ਰਕਾਸ਼ ਸਿੰਘ ਬਾਦਲ | — |
| 1978—79 | 98 ਕਰੋੜ | ਪ੍ਰਕਾਸ਼ ਸਿੰਘ ਬਾਦਲ | ਪੰਜਾ |
| 1979—80 | 100 ਕਰੋੜ | ਪ੍ਰਕਾਸ਼ ਸਿੰਘ ਬਾਦਲ | — |
| 1980—81 | 112 ਕਰੋੜ | ਦਰਬਾਰਾ ਸਿੰਘ | ਛੀਆਂ ਤੇ |
| 1981—82 | 145 ਕਰੋੜ** | ਦਰਬਾਰਾ ਸਿੰਘ | ਸੱਤਾਂ |
| 1982—83 | 185 ਕਰੋੜ* | ਦਰਬਾਰੀ ਸਿੰਘ | ਬੱਸਾਂ ਦੀ ਵਾਰੀ |
| 1983—84 | 200 ਕਰੋੜ* | ...? ਵਾਹਿਗੁਰੂ ਜਾਣੇ | ...?... |

ਨੋਟ:—ਭਾਵੇਂ ਬਿਜਲੀ ਬੋਰਡ ਦੀ ਵਟਕ (GROSS REVENUE) ਸੰਨ 1973 ਤੋਂ ਮਗਰੋਂ ਪਿਛਲੇ ਦਸਾਂ ਸਾਲਾਂ ਦੁਰਾਨ ਦਸ ਗੁਣਾਂ ਤੋਂ ਵੀ ਵਧੇਰੇ ਵਾਧਾ ਹੋਇਆ ਹੈ ਪਰ ਬਿਜਲੀ ਬੋਰਡ ਹਾਲੇ ਵੀ ਘਾਟੇ ਵਿਚ ਜਾ ਰਿਹਾ ਹੈ... ਲਗਾਤਾਰ ਘਾਟੇ ਵਿਚ......

## ਜ਼ਰੂਰੀ ਨੋਟ :—

ਜਿਵੇਂ 1980 ਦੇ 43% ਬੱਸ ਕਿਰਾਏ ਵਧਾਉਣ ਨਾਲ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਦੀ ਵਿਕਰੀ ਵਿਚ 40 ਕਰੋੜ ਦਾ ਵਾਧਾ ਹੋਇਆ ਸੀ, ਬਿਲਕੁਲ ਉਸੇ ਤਰ੍ਹਾਂ 1981 ਦੁਰਾਨ ਦੋ ਵੇਰ੍ਹਾਂ ਬਿਜਲੀ ਦਰ/ਸਿਕਊਰਟੀ ਵਧਾਉਣ ਨਾਲ ਪੰਜਾਬ ਬਿਜਲੀ ਬੋਰਡ ਦੀ ਸਲਾਨਾ ਆਮਦਨ ਵਿਚ 50 ਕਰੋੜ ਦੇ ਲਗਪਗ ਵਾਧਾ ਹੋਣਾ ਦਾ ਅਨੁਮਾਨ ਹੈ......(185-145 = 50)...

ਦੋ ਮਿੰਟ, ਬਸ ਦੋ ਮਿੰਟ
ਜ਼ਰਾਂ ਸੋਚੋ !

ਅਗਰ ਕਿਸੇ ਬ੍ਰਣੀਏ ਦੀ ਦੁਕਾਨ ਵਿਚ ਵੀ, ਇਸੇ ਤਰ੍ਹਾਂ ਵਿਕਰੀ ਵਿਚ ਵਾਧਾ ਹੋਵੇ ਤਾਂ ਕੀ ਉਹ ਵੀ ਘਾਟੇ ਵਿਚ ਜਾਏਗਾ...??? ਪਿੰਡਾਂ ਵਿਚ ਵਜਣ ਵਾਲ ਰਿਕਾਰਡ ਸੱਚ ਹੀ ਕਹਿੰਦਾ ਹੈ :

*ਮੁੰਡੇ ਮਰ ਗਏ ਕਮਾਈਆਂ ਕਰਦੇ*
*ਹਾਲੇ ਤੇਰੇ ਬੰਦ ਨਾ ਬਣੇ*
*'ਬਸੰਤੋ' ਤੇਰੇ ਬੰਦ ਨਾ ਬਣੇ....*

ਬਸੰਤ ਸਹਿਬ ਚੇਅਰਮੈਨ ਪੰਜਾਬ ਰਾਜ ਬਿਜਲੀ ਬੋਰਡ, ਜ਼ਰਾ ਪੰਜਾਬੀਆਂ ਨੂੰ, ਪੰਜਾਬੀ ਵਿਚ, ਸਮਝਾਉ ਤਾਂ ਕਿ ਬਿਜਲੀ ਬੋਰਡ ਘਾਟੇ ਵਿਚ ਕਿਵੇਂ ਤੇ ਕਿੰਨਾ ਕੁ ਜਾ ਰਿਹਾ ਹੈ......?...ਤੇ ਉਹ ਕਹਿੰਦੇ ਹਨ ਕਿ ਬਿਜਲੀ ਬੋਰਡ ਲਗਾਤਾਰ ਘਾਟੇ ਵਿਚ ਹੀ ਜਾ ਰਿਹਾ ਹੈ—ਇਸਦੇ ਬਾਵਜੂਦ ਕਿ ਬਿਜ਼ਲੀ ਉਤਪਾਦਨ ਵਿਚ ਲਗਾਤਾਰ ਵਾਧਾ ਹੁੰਦਾ ਚਲਿਆ ਆ ਰਿਹਾ ਹੈ......

| ਸਾਲ | ਪੈਦਾਵਾਰ |
|---|---|
| 1974—75 | 280 ਕਰੋੜ ਯੂਨਿਟ |
| 1975—76 | 384 ਕਰੋੜ ਯੂਨਿਟ |
| 1976—77 | 407 ਕਰੋੜ ਯੂਨਿਟ |
| 1977—78 | 430 ਕਰੋੜ ਯੂਨਿਟ |
| 1978—79 | 581 ਕਰੋੜ ਯੂਨਿਟ |
| 1979—80 | 600 ਕਰੋੜ ਯੂਨਿਟ |
| 1980—81 | 632 ਕਰੋੜ ਯੂਨਿਟ |

ਨੋਟ : ਇਹਦੇ ਵਿਚ ਬਾਹਰਲੇ ਸੂਬਿਆਂ ਤੋਂ ਖ੍ਰੀਦੀ ਬਿਜਲੀ ਵੀ ਸ਼ਾਮਿਲ ਹੈ ।

* ਅਨੁਮਾਨਤ (ESTIMATED)
** ਇਕੋ ਸਾਲ ਦੁਰਾਨ, ਦੋ ਵੇਰ੍ਹਾਂ ਵਾਧਾ

## ਇਕ ਮਿੰਟ ਜ਼ਰਾ ਸਚੋਗੇ...?

ਜਿਸ ਫੈਕਟਰੀ ਵਿਚ ਉਤਪਾਦਨ (PRODUCTION) ਵਿਚ ਲਗਾਤਾਰ ਵਾਧਾ ਹੁੰਦਾ ਰਹੇ, ਕੀ ਉਹ ਘਾਟੇ ਵਿੱਚ ਜਾ ਸਕਦੀ ਹੈ...?

ਦੋਸਤੋ ! ਅਸਲ ਵਿਚ ਬਿਜਲੀ ਬੋਰਡ ਕਦੇ ਵੀ ਘਾਟੇ ਵਿਚ ਨਹੀਂ ਹਨ ਜਾਂਦੇ—ਇਹ ਤਾਂ ਬਸ ਹਿਸਾਬੀ ਜੋੜ-ਤੋੜ ਐਸੇ ਢੰਗ ਨਾਲ ਕੀਤੇ ਜਾਂਦੇ ਹਨ ਕਿ ਸਰਕਾਰੀ ਅਦਾਰੇ ਹਮੇਸ਼ਾਂ ਘਾਟੇ ਵਿਚ ਹੀ ਜਾਪਣ !! ਇਸ ਹਿਸਾਬੀ ਜੋੜ ਤੋੜ ਨੂੰ, ਅਗਲੇ ਅੰਕ ਵਿਚ ਲਿਆ ਜਾਏਗਾ ਫਿਲਹਾਲ ਬਿਜਲੀ ਬੋਰਡ ਦੇ ਖਰਚੇ ਦੇ ਵਧਣ ਬ੍ਰਾਬਤ ਵਿਚਾਰ ਕਰ ਲਈਏ ! ਸਰਕਾਰੀ ਅਖਬਾਰਾਂ ਜ਼ਰੀਹੇ, ਸਟੇਜਾਂ ਰਾਹੀਂ ਅਤੇ ਅਫਸਰਾਂ ਰਾਹੀਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਫਲੈਟਰੇਟ ਉਪਰ ($12\frac{1}{2}$ ਰੁਪਏ ਪ੍ਰਤੀ ਹਾਰਸ ਪਾਵਰ) ਬਿਜਲੀ ਦੇਣ ਕਾਰਨ ਭਾਰੀ ਘਾਟਾ ਪੈ ਰਿਹਾ ਹੈ । ਆਉ ਸਭ ਤੋਂ ਪਹਿਲਾਂ ਇਸੇ ਹੀ ਸਰਕਾਰੀ ਦਲੀਲ ਦੀ ਚੀਰ ਫਾੜ ਕਰਕੇ ਵੇਖੀਏ...

## ਜੱਟਾਂ ਨੂੰ ਸਸੱਤੀ ਬਿਜਲੀ
## ਪਰ
## ਕਿਨੀ ਕੁ ਸਸਤੀ...?

23 ਫਰਵਰੀ ਸੰਨ 1982 ਵਾਲੇ ਦਿਨ, ਸ੍ਰੀ

ਸਤਿਆ ਨਰੈਣ ਜੈਡੀਆ ਮੈਂਬਰ-ਏ-ਪਾਰਲੀਆਮੈਂਟ ਦਾ ਜਵਾਬ ਦਿੰਦੇ ਸਮੇਂ ਜੋ ਅੰਕੜੇ, ਊਰਜਾ ਮੰਤਰੀ ਹੋਰਾਂ ਦਸੇ, ਉਹੋ ਹੀ ਹੇਠਲੀਆਂ ਸਤਰਾਂ ਵਿਚ ਦਿੱਤੇ ਗਏ ਹਨ :—

ਵੇਖੋ ਲੋਕ ਸਭਾ ਅੰਦਰ ਸਵਾਲ ਤਰੀਕ 23-2-82 ਦਾ ਜਵਾਬ !!

| ਸੂਬਾ | ਬਿਜਲੀ ਦੇ ਰੇਟ ਪ੍ਰਤੀ ਹਾਰਸਪਾਵਰ (Agriculture-Tubewells) |
|---|---|
| ਮੈਸੂਰ | 9 ਰੁਪਏ |
| ਹਿਮਾਚਲ | 11 ਰੁਪਏ |
| ਜੰਮੂ-ਕਸ਼ਮੀਰ | $11\frac{1}{2}$ ਰੁਪਏ |
| ਪੰਜਾਬ | $12\frac{1}{2}$ ਰੁਪਏ |

ਨੋਟ : ਇਥੇ ਚਾਰ ਸੂਬੇ ਮੁਕਾਬਲੇ ਲਈ ਲਏ ਗਏ ਹਨ ਕਿਉਂਕਿ ਇਥੇ ਬਿਜਲੀ ਬਹੁਤੀ ਪਾਣੀ ਤੋਂ ਪੈਦਾ ਕੀਤੀ ਜਾਂਦੀ ਹੈ ਤੇ ਖੇਤੀ ਵਿਚ ਬਿਜਲੀ ਦੀ ਖੱਪਤ ਇਕੋ ਜਿਹੇ ਵਸੀਲਿਆਂ ਰਾਹੀਂ ਹੈ।

ਹੁਣ ਦਸੋ, ਐਕਸੀਅਨ ਸਾਹਿਬ, ਕੀ ਪੰਜਾਬੀ ਜੱਟਾਂ ਨੂੰ ਬਿਜਲੀ ਵਾਕਿਆ ਹੀ ਸਸਤੀ ਦੇ ਰਹੇ ਹੋ...???

ਇਸਤੋਂ ਇਲਾਵਾ ਜਿਹੜੀਆਂ ਚੋਰ ਮੋਰੀਆਂ ਰਾਹੀਂ ਜੱਟਾਂ ਨੂੰ ਲੁਟਿਆ ਜਾ ਰਿਹਾ ਹੈ, ਉਹ ਵੀ ਥੋੜੀ ਜਿਹੀ ਵਿਆਖਿਆ ਮੰਗਦਾ ਹੈ। ਸਰਕਾਰ ਰਾਤ ਦਿਨ ਇਹੋ ਪ੍ਰਚਾਰ ਕਰਦੀ ਹੈ ਕਿ ਕਿਸਾਨੀ ਨੂੰ ਸਸਤੀ ਬਿਜਲੀ ਫਿਕਸਡ ਰੇਟਾਂ ਉਪਰ ਦੇ ਰਹੇ ਹਾਂ। ਕੇਵਲ ਸਾਢੇ ਬਾਰ੍ਹਾਂ ਰੁਪਏ ਪ੍ਰਤੀ ਹਾਰਸ ਪਾਵਰ ਦੇ ਲਏ ਜਾਂਦੇ ਹਨ ਪਰ ਜਿਹੜੀ ਟਿਊਬਵੈਲ ਫੀਸ 500 ਤੋਂ ਸਿੱਧੀ 3000 ਕਰ ਦਿਤੀ ਗਈ ਹੈ, ਇਹਦਾ ਭਾਰ ਕਿੰਨਾ ਬਣੇਗਾ, ਉਹ ਵੀ ਸਮਝ ਲਈਏ।

ਆਹ 2500 ਜੋ ਕਿਸਾਨਾਂ ਤੇ ਠੋਕ ਗਏ ਦਿਤੇ ਹਨ, ਅਗਰ ਇਹੋ ਕਿਸੇ ਬਾਣੀਏ ਕੋਲ ਹੋਣ ਤਾਂ ਕਿੰਨਾ ਵਿਆਜ ਖੱਟੇ...?

ਘਟੋ ਘਟ ਮਹੀਨੇ ਦੇ ਪੰਜਾਹ ਤੇ ਨਾ ਛਡੇ...?

ਅਗਰ ਇਕ ਜੱਟ ਕੋਲ ਹੋਵੇ 5 ਹਾਰਸਪਾਵਰ ਦੀ ਮੋਟਰ, ਤੁਸੀਂ ਉਸ ਕੋਲੋਂ 10 ਰੁਪਏ ਪ੍ਰਤੀ ਹਾਰਸਪਾਵਰ ਤਾਂ ਵਿਆਜ ਵਿਆਜ ਵਿਚ ਹੀ ਮੁੱਛ ਲਏ ਤੇ ਢਾਈ ਹਜ਼ਾਰ ਵੱਖ ਖੋਹ ਲਏ ਤੁਸਾਂ...??

ਹੂੰ ! ਦਸ ਪਾਂਜੇ ਪੰਜਾਹ ! ਦਸ ਰੁਪਏ ਪ੍ਰਤੀ ਹਾਰਸ ਪਾਵਰ ਹੀ ਪੈ ਗਿਆ !

ਤੇ ਫਿਰ ਪੰਜਾਬੀ ਜੱਟ ਨੂੰ ਕੀ ਭਾ ਬਿਜਲੀ ਮਿਲੀ ਜਿਸ ਨਵਾਂ ਟਿਊਬਵੈਲ ਲਗਾਇਆ ਹੋਵੇ ?

ਇਹ $12\frac{1}{2}+10=22\frac{1}{2}$ ਰੁਪਏ ਹਾਰਸ ਪਾਵਰ।
ਅਤੇ ਢਾਈ ਹਜ਼ਾਰ ਰੁਪਏ ਵੱਖ ਠੱਗ ਲਏ !!

ਕਿਹਾ ਜਾਏਗਾ ਫੀਸ ਛੇ ਗੁਣਾ ਕਰ ਦਿੱਤੀ ਗਈ ਹੈ ਮਗਰ ਹਰ ਇਕ ਲਈ ਤਾਂ ਫੀਸ ਨਹੀਂ ਹੈ ਵਧਾਈ ਗਈ। ਕਈਆਂ ਨੂੰ ਤਾਂ "ਸਬਸਿਡੀ" ਹੇਠ ਕੱਵਰ ਹੋ ਹੀ ਜਾਣਾ ਹੈ ?

ਲਉ ਆਹ ਤੁਹਾਡਾ "ਸਬਸਿਡੀ" ਵਾਲਾ ਭਰਮ ਵੀ ਲਗਦੇ ਹੱਥ ਹੀ ਦੂਰ ਕਰਾ ਦਈਏ :—

ਭਈ, ਜਿਹੜੀ ਸਬਸਿਡੀ ਤੁਹਾਨੂੰ ਬਿਜਲੀ ਬੋਰਡ ਵਾਲਿਆਂ ਨੂੰ ਪੇਂਡੂ ਬਿਜਲੀਕਰਨ (Rural Electrification) ਪ੍ਰੋਗਰਾਮ ਹੇਠ ਕੇਂਦਰ ਵਲੋਂ ਦਿਤੀ ਜਾਂਦੀ ਹੈ, ਉਹ ਆਪਾ ਕੇਂਦਰੀ ਸਰਕਾਰ ਖਾਦ, ਡੀਜ਼ਲ, ਕੋਲੇ ਆਦਿ ਚੀਜ਼ਾਂ ਉਪਰ ਟੈਕਸ ਲਗਾਕੇ ਪੂਰਾ ਕਰ ਲੈਂਦੀ ਹੈ ! ਅਸਲ ਵਿਚ 'ਸਬਸਿਡੀ' ਵੀ ਅਸਿਧਾ ਟੈਕਸ ਹੀ ਹੁੰਦਾ ਹੈ—ਜਿਸ ਵਿਚ ਇਕ ਧਿਰ ਨੂੰ ਦੂਜੀ ਦੇ ਬਦੌਲਤ ਖੁਸ਼ ਕਰ ਦਿਤਾ ਜਾਂਦਾ ਹੈ ਤੇ ਦੂਜੀ ਨੂੰ ਪਹਿਲੀ ਦੀ ਬਦੌਲਤ !!! ਮਸਲਨ ਖਾਦਾਂ ਵਿਚ ਮਮੂਲੀ ਸਬਸਿਡੀ ਦੇ ਕੇ ਜੱਟਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਲਈਆਂ ਜਾਂਦੀਆਂ ਹਨ (ਜਦੋਂ ਕੇ ਇਹੋ ਰਿਆਇਤ ਕੁਲ ਹਿੰਦੁਸਤਾਨੀਆਂ ਸਿਰੋਂ ਪੂਰੀ ਕਰ ਲਈ ਜਾਂਦੀ ਹੈ—ਜਿਸ ਵਿਚ ਤਿੰਨ-ਚੌਥਾਈ ਮੁੜ ਜੱਟ ਹੀ ਹੁੰਦੇ ਹਨ) ਅਤੇ ਇਸੇ ਤਰ੍ਹਾਂ ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਉਪਰ ਜਾਂ ਫਲੱਸ਼ ਉਪਰ ਸਬਸਿਡੀ ਦੇ ਕੇ ਸ਼ਹਿਰੀ ਬਾਬੂਆਂ ਨੂੰ ਬਾਗੋ ਬਾਗ ਕਰ ਦਿਤਾ ਜਾਂਦਾ ਹੈ—ਤੇ ਖਰਚਾ ਅਗਲੇ ਬੱਜਟ ਵਿਚ ਹੀ, ਮੁੜ ਸਭ ਦੇ ਸਿਰ ਪਾ ਦਿਤਾ ਜਾਂਦਾ ਹੈ ???

## ਬਿਜਲੀ ਬੋਰਡ ਦੇ ਖਰਚੇ ਵਧਣ ਦੇ ਮੁਖ ਕਾਰਨ :

ਹੁਣ ਅਸੀਂ ਇਹਨਾਂ ਕਾਰਨਾਂ ਨੂੰ ਇਕ ਇਕ ਕਰਕੇ ਲੈਂਦੇ ਹਾਂ।

### 1, ਕੋਲੇ ਦੀਆਂ ਕੀਂਮਤਾਂ ਵਿਚ ਭਾਰੀ ਵਾਧਾ :

ਬਿਜਲੀ ਬੋਰਡ ਦੀਆਂ ਪੁਰਾਣੀਆਂ ਪ੍ਰਬੰਧਕੀ ਰਿਪੋਰਟਾਂ ਵੇਖਣ ਤੇ ਪਤਾ ਲਗਾ ਹੈ ਕਿ ਬਿਜਲੀ ਬੋਰਡ ਦੇ ਖਰਚੇ ਵਧੀ ਜਾਣ ਦਾ ਮੁੱਖ ਕਾਰਨ ਹੈ—ਕੋਲੇ ਦੀਆਂ ਕੀਮਤਾਂ ਵਿਚ ਭਾਰੀ ਵਾਧਾ !!!

ਬਠਿੰਡਾ ਪਲਾਂਟ ਵਿਚ 1979-80 ਦੌਰਾਨ 80 ਲੱਖ ਕਵਿੰਟਲ ਕੋਲਾ ਖਪਤ ਹੋਇਆ ਸੀ, ਉਦੋਂ ਹਾਲੇ ਤਿੰਨ ਯੂਨਟ ਹੀ ਚਲਦੇ ਸਨ। ਅਜ ਕਲ ਤਕਰੀਬਨ 30 ਹਜ਼ਾਰ ਕਵਿੰਟਲ ਕੋਲਾ, ਹਰ ਰੋਜ਼ ਖਪਤ ਹੋ ਰਿਹਾ ਹੈ—ਇਕ ਮਿੰਟ ਵਿਚ 20 ਕਵਿੰਟਲ...ਤੇ ਕੋਲੇ ਦੀਆਂ ਕੀਮਤਾਂ, ਸੁੱਖੀ ਸਾਂਦੀ ਸ੍ਰੀਮਤੀ ਇੰਦਰਾ ਗਾਂਧੀ ਜੀ ਲਗਾਤਾਰ ਚੁਕੀ ਹੀ ਤੁਰੇ ਜਾ ਰਹੇ ਹਨ......

ਉਹ ਜਦੋਂ ਗੱਦੀ ਤੇ ਬੈਠੇ ਸਨ ਤਾਂ ਕੋਲਾ 20 ਰੁਪਏ ਕਵਿੰਟਲ ਸੀ ਤੇ ਅਜ ਸਿਰਫ਼ 120 ਰੁਪਏ ਕੁਵਿੰਟਲ ਹੈ...ਔਰ ਕੋਲੇ ਦੀਆਂ ਕੀਮਤਾਂ ਵਧਣ ਸਦਕਾ, ਬਿਜਲੀ ਬੋਰਡ ਦਾ ਖਰਚਾ ਵਧਣਾ ਵੀ ਲਾਜ਼ਮੀ ਗਲ ਹੈ। ਪਿਛਲੇ ਸਮੇਂ ਦੁਰਾਨ ਖਰਚਾ ਕੁਝ ਇਸ ਪ੍ਰਕਾਰ ਸੀ :—

| ਸਾਲ | ਕੋਲੇ ਦਾ ਖਰਚਾ |
|---|---|
| 1979-80 | 19 ਕਰੋੜ |
| 1980-81 | 32 ਕਰੋੜ |
| 1981-82 | 45 ਕਰੋੜ |
| 1982-83 | 50 ਕਰੋੜ |
| 1983-84 | 60 ਕਰੋੜ (ਅੰਦਾਜ਼ਾ) |

ਨੋਟ : ਪਿਛਲੇ ਤਿੰਨਾਂ ਸਾਲਾਂ ਦੁਰਾਨ ਹੀ ਕੋਲੇ ਦਾ ਢਾਈ ਗੁਣਾ ਖਰਚਾ ਹੋ ਗਿਆ ਹੈ ਤੇ ਐਕਸੀਅਨ ਸ਼ਰਸ਼ਕੰਦਰ "ਜੱਟਾਂ ਨੂੰ ਸਸਤੀ ਬਿਜਲੀ" ਹੀ; ਬਿਜਲੀ-ਬੋਰਡ ਦੇ ਘਾਟੇ ਦਾ ਮੁੱਖ ਕਾਰਨ ਦਸੀ ਜਾ ਰਿਹਾ ਸੀ...।

## ਇਕ ਸਵਾਲ :

ਕੋਲੇ ਦੀਆਂ ਕੀਮਤਾਂ ਵਧਣ ਕਾਰਨ, ਬਿਜਲੀ ਦੇ ਦਰ ਚੁੱਕ ਦਿਤੇ ਗਏ ਹਨ, ਬਿਜਲੀ ਦੇ ਦਰ ਉੱਚੇ ਹੋਣ ਨਾਲ ਡਰਾਈਕਲੀਨਰਾਂ, ਧੋਬੀਆਂ ਤੇ ਭਾ ਚੁਕਣੇ ਹੀ ਚੁਕਣੇ ਹਨ ਨਾਲ ਕਪੜੇ, ਸੀਮੈਂਟ, ਸਟੀਲ ਤੇ ਹੋਰ ਸੈਂਕੜੇ ਚੀਜ਼ਾਂ ਦੇ ਭਾ ਚੁਕੇ ਜਾਣਗੇ...ਫਿਰ ਮੁਲਾਜ਼ਮਾਂ ਨੂੰ ਇਕ ਟੁਕੜਾ ਪਾਇਆ ਜਾਏਗਾ (ਮਹਿੰਗਾਈ ਕਿਸ਼ਤ) ...ਮੁੜ ਤਨਖਾਹਾਂ ਵਧਣ ਨਾਲ, ਕੋਲੇ ਦੇ ਮੁੱਲ ਵਧਾਉਣੇ ਪੈਣਗੇ ..ਫਿਰ ਕੋਲੇ ਕਰਕੇ ਬਿਜਲੀ ਦੇ... ਫਿਰ ਬਿਜਲੀ ਕਰਕੇ...ਆਖਿਰ ਕਦ ਤੀਕ ਇਹ ਚਕਰ ਚਲਦਾ ਰਹੇਗਾ...?

## (2) ਕੋਲੇ ਦੀ ਕਮੀ ਕਾਰਨ ਘਾਟਾ :

ਇਹ ਤਾਂ ਸਾਨੂੰ ਸਭ ਨੂੰ ਹੀ ਪਤਾ ਹੈ ਕਿ ਦੇਸ਼ ਅੰਦਰ ਰੇਲ ਦੇ ਡੱਬਿਆਂ ਦੀ ਸਖਤ ਘਾਟ ਹੈ। ਪੰਜੇ ਵਾਲੀ ਸਰਕਾਰ ਕੋਲ, ਸ਼ੈਨੁਸ਼ਾਹੀ ਹੋਟਲ ਤੇ ਹਵਾਈ ਜਹਾਜ਼ ਖ੍ਰੀਦਣ ਲਈ ਤਾਂ ਬੇਸ਼ੱਕ, ਬੜੇ ਫੰਡਜ਼ ਰਹਿੰਦੇ ਹਨ ਮਗਰ ਮਾਲ-ਡੱਬਿਆਂ ਖਾਤਰ ਪੈਸਾ ਨਹੀਂ ਹੁੰਦਾ। ਨਤੀਜੇ ਵਜੋਂ ਕੋਲੇ ਹੀ ਢੋਅ-ਢੁਆਈ ਲਈ ਲੁੜੀਂਦੇ ਡੱਬੇ ਨਹੀਂ ਹਨ, ਮਿਲਦੇ। ਕਈ ਕਈ ਵੇਰ੍ਹਾਂ ਥਰਮਲ ਪਲਾਂਟਾਂ ਨੂੰ ਬੰਦ ਕਰਨਾ ਪੈ ਜਾਂਦਾ ਹੈ। ਘਟੀਆ ਕਿਸਮ ਦਾ ਕੋਲਾ ਵੀ ਅਕਸਰ ਅਬਦੁਲ ਗਨੀ ਖਾਂ* ਜੀ ਦੀ ਅਫਸਰਸ਼ਾਹੀ ਸਰਕਾਰੀ ਥਰਮਲ ਪਲਾਂਟਾਂ ਨੂੰ ਭੇਜ ਦਿੰਦੀ ਹੈ। ਥਰਮਲ ਪਲਾਂਟਾਂ ਦੀ ਲੱਖਾਂ ਰੁਪਇਆਂ ਦੀ ਮਸ਼ੀਨਰੀ ਦਾ ਨੁਕਸਾਨ ਹੋਣ ਤੋਂ ਇਲਾਵਾ, ਬਿਜਲੀ ਦੀ ਪੈਦਾਵਾਰ ਵਿਚ ਵੀ ਭਾਰੀ ਕਮੀ ਆਉਂਦੀ ਹੈ। ਸੰਨ 1979-80 ਦੁਰਾਨ ਹੀ, ਘਟੀਆ ਅਤੇ ਘਟ-ਮਿਕਦਾਰ ਵਿਚ ਕੋਲਾ ਪੁੱਜਣ ਕਾਰਨ 30 ਕਰੋੜ ਯੂਨਟ ਘਟ ਬਿਜਲੀ ਪੈਦਾ ਹੋਈ। ਇਸ ਨਾਲ ਪੌਣੇ ਦੋ ਕਰੋੜ ਪੰਜਾਬੀਆਂ ਨੂੰ ਹੀ ਗਰਮੀਆਂ ਵਿਚ ਬਿਨਾ ਪੱਖੇ ਤੋਂ ਨਹੀਂ ਸੀ ਰਹਿਣਾ ਪਿਆ ਸਗੋਂ ਪੰਜਾਬ ਬਿਜਲੀ ਬੋਰਡ ਵੀ 8 ਕਰੋੜ ਦੀ ਹੋਰ ਆਮਦਨ ਤੋਂ ਵਾਂਝਿਆਂ ਗਿਆ !! 1981-82 ਦੁਰਾਨ ਵੀ 10-12 ਕਰੋੜ ਦਾ ਘਾਟਾ ਇਸੇ ਕਾਰਨ ਪਿਆ ਹੈ ! ਇਥੇ ਇਹ ਵੀ ਯਾਦ ਕਰਵਾ ਦਿੱਤਾ ਜਾਏ ਕਿ ਅਜ ਕਲ ਸਾਡੇ ਸਾਰੇ ਪੰਜਾਬੀਆਂ ਦੇ ਘਰਾਂ ਅੰਦਰ ਮਸਾਂ 40 ਕਰੋੜ ਯੂਨਟ ਬਿਜਲੀ ਹੀ ਖੱਪਤ ਹੋ ਰਹੀ ਹੈ (DOMESTIC CONSUMPTION) ਤੇ ਇਥੇ 30 ਕਰੋੜ ਯੂਨਟ ਪੈਦਾ ਹੀ ਨਾ ਕੀਤੀ ਜਾ ਸਕੀ.:. ਬਿਜਲੀ-ਕਰਮਚਾਰੀਓ, ਜ਼ਰਾ ਦਸੋ ਖਾਂ, ਭਲਾ ਇਸ ਵਿਚ ਵੀ ਨਿਹਾਲੇ ਕੱਛਾਂ ਵਾਲੇ ਜਾਂ ਸੋਹਣ ਸੋਂ ਲੰਬੜਦਾਰ ਦਾ ਦੋਸ਼ ਹੈ...?

ਤੁਹਾਡੇ ਵਿਚੋਂ ਵੀ ਬਹੁਤੇ ਬਿਜਲੀ ਬੋਰਡ ਨੂੰ ਪੈਣ ਵਾਲੇ ਘਾਟੇ ਦਾ ਮੁੱਖ ਕਾਰਨ 'ਜੱਟਾਂ ਨੂੰ ਸਸਤੀ ਬਿਜਲੀ' ਹੀ ਦਸਦੇ ਹਨ !!!

## (3) ਪ੍ਰੋਜੈਕਟਾਂ ਵਿਚ ਭਾਰੀ ਦੇਰੀ :

ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣਾ, ਸਾਡੇ ਪਲੈਨਿੰਗ ਕਮਿਸ਼ਨ ਦਾ ਕੰਮ ਹੁੰਦਾ ਹੈ ਪਰ ਬੜੇ ਦੁਖ ਦੀ ਗਲ ਹੈ ਕਿ ਪਲੈਨਿੰਗ ਕਮਿਸ਼ਨ ਦੀ ਪ੍ਰਧਾਨ ਨੂੰ, ਸਵਾਏ ਆਪਣਾ ਖਾਨਦਾਨੀ ਰਾਜ ਕਾਇਮ ਕਰਨ ਤੋਂ ਸਿਵਾ ਹੋਰ ਕੁਝ ਸੁਝਦਾ ਹੀ ਨਹੀਂ। ਸੰਨ 1966 ਵਿਚ ਥੀਨ ਡੈਮ ਉਪਰ ਕੁਲ 65 ਕਰੋੜ ਖਰਚ ਹੋਣੇ ਸਨ ਪਰ ਇੰਦਰਾ ਗਾਂਧੀ ਵਲੋਂ ਇਸਨੂੰ ਪੂਰੇ ਸੋਲ੍ਹਾਂ ਸਾਲ ਮਨਜ਼ੂਰੀ ਹੀ ਨਾ ਦਿੱਤੀ ਗਈ (ਵੈਸੇ ਡੈਮ ਦੇ ਬਨਣ ਉਪਰ ਕੁਲ ਅੱਠ ਸਾਲ ਹੀ ਲਗਣੇ ਸਨ) ਤੇ ਅੱਜ ਇਸਦੀ ਕੀਮਤ 865 ਕਰੋੜ ਦੇ

*ਇਹ ਉਹੋ ਹੀ ਢੀਠ ਮੰਤਰੀ ਹੈ ਜਿਸ ਲੋਕ ਸਭਾ ਵਿਚ ਬਗੈਰ ਕਿਸੇ ਸ਼ਰਮਹਯਾ ਦੇ ਇਹ ਮੰਨਿਆ ਸੀ ਕਿ ਹੋ ਸਕਦਾ ਹੈ ਕਿ ਉਸ ਕੋਲੋਂ ਕਈ ਗੈਰ ਜ਼ੁੰਮੇਵਾਰ ਅਨਸਰ (ਭਾਵ ਸਮੱਗਲਰ, ਬਲੈਕੀਏ, ਕੋਟਾ-ਵੇਚੂ) ਵੀ ਕੋਲੇ ਦੇ ਲਾਈਸੈਂਸ ਲੈ ਗਏ ਹੋਣ...ਅਤੇ ਜੇ ਸਮਗਲਰ ਔਰ ਬਲੈਕੀਏ ਲਾਈਸੈਂਸ ਪ੍ਰਾਪਤ ਕਰ ਸਕਦੇ ਹਨ ਤੇ ਫਿਰ ਚੰਗੀ ਕੁਆਲਿਟੀ ਦਾ ਕੋਲਾ ਵੀ ਜ਼ਰੂਰ ਹੀ ਪਬਲਿਕ ਨੂੰ...।

ਕਰੀਬ ਹੋ ਚੁੱਕੀ ਹੈ !!!

ਅਗਰ ਕਦੇ ਸੰਨ 1969 ਦੀ ਥਾਂ ਹੀ, ਗੁਰੂ ਨਾਨਕ ਥਰਮਲ ਪਲਾਂਟ ਦੀ ਜਗ੍ਹਾ ਸੰਨ 1966 ਵਿਚ ਹੀ ਗੁਰੂ ਗੋਬਿੰਦ ਸਿੰਘਪਣ*ਬਿਜਲੀ ਡੈਮ ਥੀਨਪੁਰ ਦੀ ਮਨਜ਼ੂਰੀ ਦੇ ਦਿਤੀ ਜਾਂਦੀ ਤਾਂ ਨਾ ਲੱਖਾਂ ਕਵਿੰਟਲ ਕੋਲਾ ਫੂਕਣਾ ਪੈਂਦਾ, ਨਾ ਕੋਲੇ ਦੀਆਂ ਕੀਮਤਾਂ ਵਿਚ ਵਾਧੇ ਕਾਰਣ ਬਿਜਲੀ ਬੋਰਡ ਦੇ ਖਰਚੇ ਵਧਦੇ ਤੇ ਨਾ ਹੀ ਮਕਾਨਾਂ ਦੇ ਕਿਰਾਇਆਂ ਨਾਲੋਂ ਵੀ ਵਧੇਰੇ, ਬਿਜਲੀ ਦੇ ਬਿੱਲ ਆਉਣੇ ਸ਼ੁਰੂ ਹੁੰਦੇ ਪਰ ਫਿਰ ਕ੍ਰਿਲੋਸਕਰਦੀਨ ਦੇ ਡੀਜ਼ਲ ਇੰਜਣ ਕਿਹੜਾ ਜੱਟ ਖ੍ਰੀਦਦਾ......? ਤੇ ਸਰਕਾਰ, ਕ੍ਰਿਲੋਸਕਰੇ ਦਾ ਦੀਵਾਲਾ ਨਿਕਲਦਾ ਕਿਵੇਂ ਬਰਦਾਸ਼ਤ ਕਰ ਜਾਂਦੀ ???

ਆਪਣੇ 'ਸਪੁਤਰ' ਦੇ ਮਰਨ ਮਗਰੋਂ ਭਾਵੇਂ ਸਾਲ ਵੀ ਨਹੀਂ ਸੀ ਪੈਣਾ ਦਿਤਾ—ਦੂਜੇ 'ਡਰੈਵਲ' ਨੂੰ ਰਾਤੋ ਰਾਤ ਰਾਸ਼ਟਰ ਨੇਤਾ ਬਨਾਉਣ ਵਿਚ ਮਗਰ ਜਦੋਂ ਪੰਜਾਬੀਆਂ ਦੇ ਰੋਪੜ ਥਰਮਲ ਪਲਾਂਟ ਦੀ ਵੀ ਵਾਰੀ ਆਈ, ਜਿਸਦੀ ਰਿਪੋਟ ਕੇਂਦਰੀ-ਬਿਜਲੀ—ਮਹਿਕਮੇ ਨੂੰ ਨਵੰਬਰ 1977 ਵਿਚ ਭੇਜ ਦਿਤੀ ਗਈ ਸੀ ਮਗਰ ਦਿੱਲੀ—ਸਰਕਾਰ ਨੇ ਪੱਕੀ ਮਨਜ਼ੂਰੀ ਦੇਣ ਵਿਚ ਪੂਰੇ ਦੋ ਸਾਲ ਲਗਾ ਦਿਤੇ ਤੇ 'ਫੋਕੀ ਮਨਜ਼ੂਰੀ' ਨਾਲ ਵੀ ਕੀ ਬਣਦਾ, ਪੰਜਾਬ ਸਰਕਾਰ ਰੋਪੜ ਥਰਮਲ ਪਲਾਟ ਦਾ ਕੰਮ, ਅਸਲ ਵਿਚ ਮਨਜ਼ੂਰੀ ਆਉਣ ਦੇ ਵੀ ਦੋ ਸਾਲਾਂ ਮਗਰੋਂ ਹੀ ਸ਼ੁਰੂ ਕਰ ਸਕੀ !! ਜੀ ਹਾਂ, ਉਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਵਿਚ ਹੀ ਕੁਲ ਚਾਰ ਸਾਲ ਲਗ ਗਏ, ਜਿਸਦੇ ਪਹਿਲੇ ਯੂਨਿਟ ਤੋਂ ਤਿੰਨਾਂ ਸਾਲਾਂ ਅੰਦਰ ਹੀ ਬਿਜਲੀ ਪ੍ਰਾਪਤ ਹੋ ਜਾਣੀ ਸੀ !!!

## ਅਨੰਦਪੁਰ ਹਾਈਡਲ ਪ੍ਰੋਜੈਕਟ :—

ਰਾਮ ਜਾਣੇ ਸਰਮਾਏਦਾਰੀ ਨੇ ਬੁਲਡੋਜ਼ਰਾਂ, ਟਰੱਕਾਂ, ਕਰੇਨਾਂ, ਜੀਪਾਂ ਵਿਚ ਕਿੰਨੇ ਲੱਖ ਰੁਪਏ ਕਮਾਏ ਹਨ... ਵਾਹਿਗੁਰੂ ਹੀ ਜਾਣੇ ਐਕਸੀਅਨਾਂ/ਐਸ. ਈਆਂ, ਨੇ ਕਿੰਨੇ "ਲੱਖ" ਅਤੇ ਠੇਕੇਦਾਰਾਂ ਨੇ ਕਿੰਨੇ "ਕਰੋੜ" ਖੱਟੇ ਹਨ—ਇਸ ਪ੍ਰੋਜੈਕਟ ਤੋਂ...ਅੱਲਾ ਮੀਆਂ ਜਾਨਣ ਕਿ ਕਿੰਨੇ ਚੀਫ ਐਨਜੀਨਅਰਾਂ ਦੀਆਂ ਬਦਲੀਆਂ, ਪਿਛਲੇ ਪੰਜਾਂ ਸਾਲਾਂ ਦੁਰਾਨ ਹੋਈਆਂ ਹਨ ਜੋ ਠੇਕੇਦਾਰਾਂ ਨੂੰ ਸੂਟ ਨਹੀਂ ਸਨ ਕਰਦੇ ਜਾਂ ਮੁੱਖ ਮੰਤਰੀ ਦੇ ਮਨ ਨੂੰ ਨਹੀਂ ਸਨ ਭਾਉਂਦੇ......ਪਰ ਹਕੀਕਤ ਇਹ ਹੈ ਕਿ ਬਿਜਲੀ ਬੋਰਡ ਵਾਲੇ ਜਨਰੇਟਰ ਕਦੋਂ ਦੇ ਫਿੱਟ ਕਰਕੇ ਬੈਠੇ ਹਨ ਮਗਰ ਇਰੀਗੇਸ਼ਨ ਵਾਲਿਆਂ ਦੀ ਨਹਿਰ ਹਾਲੇ ਪੂਰੀ ਨਹੀਂ ਹੋਈ। ਜ਼ਰਾ ਅੰਦਾਜ਼ਾ ਲਗਾਓ, ਕਰੋੜਾਂ ਰੁਪਈਆਂ ਦੀ ਪੇਮੈਂਟ ਬੇਸ਼ੱਕ ਫਰਮਾਂ ਵਾਲਿਆਂ ਨੂੰ ਕੀਤੀ ਜਾ ਚੁਕੀ ਹੈ ਪਰ ਬਿਜਲੀ ਬੋਰਡ ਵਾਲੇ ਹੋਰ ਜਰਨੇਟਰ ਤੇ ਟਰਾਂਸਫਾਰਮਰ, ਇਸ ਕਰ ਕੇ ਨਹੀਂ ਫਰਮਾਂ ਵਾਲਿਆਂ ਤੋਂ ਉਠਾ ਕੇ ਲਿਆ ਰਹੇ ਕਿ ਕਿਤੇ ਅਨੰਦਪੁਰ ਵਿਖੇ ਉਂਜ ਹੀ ਪਏ ਪਏ ਨਾ ਜੰਗਾਲੇ ਜਾਣ। ਫਰਮ ਵਾਲਿਆਂ ਦੀ ਚਾਂਦੀ ਹੋ ਗਈ ਹੈ। ਵਡੀਆਂ 2 ਫਰਮਾਂ ਕਰੋੜਾਂ ਰੁਪਈਆਂ ਦਾ ਵਿਆਜ ਛਕੀ ਜਾ ਰਹੀਆਂ ਹਨ (ਬਗੈਰ ਮਾਲ ਸਪਲਾਈ ਕਰਨ ਦੇ)...ਕੀ ਇਹਨੂੰ ਹੀ ਯੋਜਨਾਬੰਦੀ ਕਹਿੰਦੇ ਹਨ...? ਇਸ ਸਭ ਕਾਸੇ ਦਾ ਨੁਕਸਾਨ ਕਿਸਨੂੰ ਪੁੱਜੇਗਾ, ਡਾ: ਬੁਧੀਜੀਵੀ ਜੀ...?

ਬਿਜਲੀ ਬੋਰਡ ਨੂੰ ਹੀ, ਹੋਰ ਕਿਸ ਨੂੰ ਪੁਜੇਗਾ ?

ਬਿਜਲੀ 'ਬੋਰਡ ਨੂੰ ਨਹੀਂ ਜਨਾਬ, ਇਸਦਾ ਨੁਕਸਾਨ ਸਾਨੂੰ ਹੀ ਹੋਵੇਗਾ। ਬਿਜਲੀ ਬੋਰਡ ਨੇ ਤਾਂ ਆਪਣਾ ਘਾਟਾ ਪੂਰਾ ਕਰ ਹੀ ਲੈਣਾ ਹੈ—ਅੱਗੇ ਯੂਨਟ 30 ਪੈਸੇ ਤੋਂ 78 ਪੈਸੇ ਦਾ ਕਰ ਦਿਤਾ ਸੀ ਆਰਟੀਕਲ ਹਾਲੇ ਪੂਰਾ ਵੀ ਨਹੀਂ ਹੈ ਹੋਇਆ—ਦੋ ਕਿਸ਼ਤਾਂ ਹਾਲੇ ਬਾਕੀ ਹਨ ਕਿ ਯੂਨਿਟ 85 ਪੈਸੇ ਦਾ ਵੀ ਹੋ ਗਿਆ ਹੈ...।

## (4) ਅਯੋਜਨਾਬੰਦੀ (ILL-PLANNING) ਪੰਜਵਾਂ-ਛੇਵਾਂ ਯੂਨਟ ਕਿਥੇ ਵੜ ਗਿਆ...?

ਭੈੜੇ ਜੁਲਾਹੇ ਦੇ ਤਾਣੇ ਵਾਂਗੂ ਹੀ ਅਜ ਕਲ ਸਾਰੇ ਕੰਮ ਚਲ ਰਹੇ ਹਨ !! ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਦੇ ਚਾਰ ਯੂਨਟਾਂ ਨੇ ਤਾਂ ਸੰਨ 1979 ਵਿਚ ਹੀ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦਿਤੀ 'ਸੀ ਮਗਰ ਤਿੰਨ ਸਾਲ ਬੀਤਣ ਮਗਰੋਂ ਵੀ ਪੰਜਵੇਂ-ਛੇਵੇਂ ਯੂਨਟ ਦੀ ਹਾਲੇ ਮਨਜ਼ੂਰੀ ਨਹੀਂ ਮਿਲੀ (ਅਧੇ ਥੀਨ ਡੈਮ ਬਰਾਬਰ) .. ਸੰਨ 1975 ਦੀ ਰਿਪੋਟ ਬਣਾ ਕੇ ਦਿੱਲੀ ਨੂੰ ਭੇਜੀ ਹੋਈ ਹੈ !!! ਇਕ ਹਾਲੇ ਪੂਰਾ ਨਹੀਂ ਹੈ ਹੋਇਆ, ਹੁਣ ਭੈੜੇ ਟੱਟੂ ਵਾਂਗੂ ਯਕਦਮ ਰੋਪੜ ਨੂੰ ਬੂਥਾ ਭਵਾਂ ਲਿਆ ਹੈ...।

## (5) ਮਤਰੇਈ ਮਾਂ ਵਰਗਾ ਸਲੂਕ ਕਿਉਂ...?

| ਸਾਲ | ਬੱਜਟ ਪੇਸ਼ ਕੀਤਾ | ਸੈਂਟਰ ਨੇ ਬੱਜਟ ਪਾਸ ਕੀਤਾ |
|---|---|---|
| 1975–76 | 144 ਕਰੋੜ | 70 ਕਰੋੜ |
| 1976–77 | * | * |
| 1977–78 | * | * |
| 1978–79 | 118 ਕਰੋੜ | 82 ਕਰੋੜ |
| 1979–80 | 98 ਕਰੋੜ | 81 ਕਰੋੜ |

*ਅੰਕੜੇ ਇਕੱਠੇ ਨਹੀਂ ਕਰ ਸਕਿਆ।

* ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਵੀ ਸੰਨ 1666 ਵਿਚ ਹੀ ਹੋਇਆ ਸੀ।

ਉਪਰਲੇ ਟੇਬਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਂਗੂ ਸਲੂਕ ਕਰਦੀ ਹੈ ! ਜਿਵੇਂ ਸੰਨ 1975-76 ਵਿਚ 144 ਕਰੋੜ ਮੰਗੇ ਗਏ ਪਰ ਮਿਲੇ ਕਿੰਨੇ...ਕੁਲ ਸੱਤਰ ਕਰੋੜ ਹੀ ਨਾ ? ਇਸ ਤਰ੍ਹਾਂ ਪੂਰੀ ਸਪੀਡ ਨਾਲ ਪ੍ਰੋਜੈਕਟ ਕਿਵੇਂ ਪੂਰੇ ਕੀਤੇ ਜਾ ਸਕਦੇ ਹਨ ! ਜਿਹੜਾ ਸਮੁੱਚੇ ਹਿੰਦੁਸਤਾਨ ਖਾਤਰ ਅਧਿਉਂ ਵਧ ਅੰਨ ਸਪਲਾਈ ਕਰਦਾ ਹੈ—ਜਦੋਂ ਉਸਨੂੰ ਕੁਝ ਦੇਣ ਦੀ ਵਾਰੀ ਆਉਂਦੀ ਹੈ ਫਿਰ ਸੈਂਟਰ ਕਿਉਂ ਹੱਥ ਘੁਟ ਲੈਂਦਾ ਹੈ...??? ਪੰਜਾਬ 800 ਲੱਖ ਕਵਿੰਟਲ, ਡੂਢ ਸੌ ਦੇ ਭਾ ਤਾਂ ਕਣਕ ਹੀ ਸਪਲਾਈ ਕਰਦਾ ਹੈ ਜਦੋਂ ਕਿ ਅਮਰੀਕਾ ਤੋਂ ਸਰਕਾਰ 210 ਰੁਪਏ ਖ੍ਰੀਦ ਰਹੀ ਹੈ ? ਜੋ ਕੇਂਦਰੀ ਸਰਕਾਰ ਪੰਜਾਬੀਆਂ ਦੀ ਮਿਹਨਤ ਦੀ ਅਰਬਾਂ ਰੁਪਈਆਂ ਦੀ ਲੁੱਟ ਕਰਦੀ ਹੈ, ਉਹ ਪੰਜਾਬ ਦੇ ਬਿਜਲੀ ਪ੍ਰੋਜੈਕਟਾਂ ਨੂੰ ਕਿਉਂ ਨਹੀਂ ਹੈ ਪੂਰਾ ਹੋਣ ਦਿੰਦੀ !!!

## (6) ਦਿੱਲੀ ਨੂੰ ਬਿਜਲੀ —

ਪੰਜਾਬ ਰਾਜ ਬਿਜਲੀ ਬੋਰਡ ਦੀ 1980-81 ਦੀ ਸਲਾਨਾ ਅਕਾਊਂਟਸ ਦੀ ਰਿਪੋਟ ਦੇ ਸਫਾ 4 ਉਤੇ ਹੇਠ ਲਿਖੀਆਂ ਸਤਰਾਂ ਦਰਜ ਹਨ :—

ਪੰਜਾਬ ਰਾਜ ਬਿਜਲੀ ਬੋਰਡ ਨੇ 1980-81 ਦੁਰਾਨ ਗੁਆਂਢੀ ਸੂਬਿਆਂ ਤੋਂ 19 ਕਰੋੜ ਯੂਨਿਟ ਬਿਜਲੀ ਖਰੀਦੀ ਜਿਸ ਲਈ ਇਸਨੂੰ 414 ਲੱਖ ਤਾਰਨੇ ਪਏ ! ਜਦ ਕੇ ਦੂਸਰੀ ਹੀ ਸਤਰ ਵਿਚ ਲਿਖਿਆ ਹੋਇਆ ਹੈ ਕਿ ਇਸੇ ਸਾਲ ਦੁਰਾਨ ਪੰਜਾਬ ਰਾਜ ਬਿਜਲੀ ਬੋਰਡ ਨੇ ਹਰਿਆਣੇ, ਹਿਮਾਚਲ, ਦਿੱਲੀ, ਚੰਡੀਗੜ੍ਹ, ਯੂ. ਪੀ., ਰਾਜਸਥਾਨ ਆਦਿ ਗੁਆਂਢੀ ਸੂਬਿਆਂ ਨੂੰ 19* ਕਰੋੜ ਯੂਨਿਟ ਬਿਜਲੀ ਵੇਚੀ ਜਿਸ ਤੋਂ ਇਸਨੂੰ 234* ਲੱਖ ਰੁਪਏ ਪ੍ਰਾਪਤ ਹੋਏ ।

ਭਲਾ ਜਿਹੜਾ ਬੋਰਡ ਅਜਿਹੇ ਵਪਾਰ ਕਰੇਗਾ ਉਹ ਕਦੇ ਵੀ ਮੁਨਾਫੇ ਵਿਚ ਜਾ ਸਕੇਗਾ...??

ਇਸ ਆਪਸੀ ਵਪਾਰ ਵਿਚ ਪੰਜਾਬ ਨੇ ਕੀ ਖੱਟਿਆ......?

ਸਿਰਫ ਪੌਣੇ ਦੋ ਕਰੋੜ ਦਾ ਘਾਟਾ.....,ਸਹੀ 1,80,00,000...ਦਾ !!! ਚੇਅਰਮੈਨ, ਮਿਸਟਰ ਐਨ. ਐਸ ਬਸੰਤ,ਤੁਸੀਂ ਜੱਟਾ ਨੂੰ ਜੂ ਰਗੜਾ ਲਾ ਦਿਤਾ ਹੈ (ਤਿੰਨ—ਸਾਢੇ ਤਿੰਨ ਕਰੋੜ ਦਾ ਸਲਾਨਾ) . ਕਿੰਨਾਂ ਚੰਗਾ ਹੁੰਦਾ ਪੰਜਾਬੀ ਕਿਸਾਨੀ ਦਾ ਖੂਨ ਚੂਸਣ ਦੀ ਬਜਾਏ, ਹਰਿਆਣਵੀ/ਹਿਮਾਚਲੀ ਜਾਂ ਦਿੱਲੀ ਸਰਮਾਏਦਾਰਾਂ ਕੋਲੋਂ, ਇਹੋ ਪੈਸਾ ਵਸੂਲ ਕਰ ਲੈਂਦੇ......???

ਮਿਸਟਰ ਕੇ ਵੈਨਕਟਰਮਨ ਹੋਰੀਂ ਵੀ ਆਪਣੀ ਕਿਤਾਬ (Power Development In India) ਵਿਚ ਸਫਾ 89 ਤੇ ਲਿਖਦੇ ਹਨ :—

ਪੰਜਾਬ ਵਿਚ ਮੈਸੂਰ, ਕੇਰਲਾ ਤੇ ਉੜੀਸਾ ਵਾਂਗੂ ਹੀ, ਬਿਜਲੀ ਦੀ ਪੈਦਾਵਾਰ ਤੇ ਤਾਂ ਬਹੁਤ ਥੋੜਾ ਖਰਚਾ ਹੁੰਦਾ ਹੈ (ਕਿਉਂਕੇ ਇਨ੍ਹਾਂ ਸੂਬਿਆਂ ਵਿਚ ਵਧੇਰੇ ਬਿਜਲੀ ਪਨ ਬਿਜਲੀ ਡੈਮਾਂ ਤੋਂ ਹੀ ਪ੍ਰਾਪਤ ਹੁੰਦੀ ਹੈ) ਮਗਰ ਫਿਰ ਵੀ ਇਸਦੇ ਬੋਰਡ ਦੇ ਘਾਟੇ ਵਿਚ ਜਾਣ ਦੇ ਦੋ ਮੁੱਖ ਕਾਰਣ ਇਹ ਹਨ :—

(1) ਨੰਗਲ ਖਾਦ ਫੈਕਟਰੀ ਨੂੰ ਬਹੁਤ ਹੀ ਸਸਤੀ ਬਿਜਲੀ ਦਿਤੀ ਜਾ ਰਹੀ ਹੈ ।

(2) ਪੰਜਾਬ ਸਰਕਾਰ ਵਲੋਂ ਬੜਾ ਭਾਰੀ ਵਿਆਜ ਉਗਰਾਹਿਆ ਜਾਂਦਾ ਹੈ-!!

(3) ਦਿੱਲੀ ਨੂੰ ਬਹੁਤ ਹੀ ਸਸਤੀ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ !!!

## ਦਿੱਲੀ ਨੂੰ ਬਿਜਲੀ ਪਰ ਕਿਉਂ.. ?

ਇਕ ਪੁਰਾਣੇ ਸਮਝੌਤੇ ਮੁਤਾਬਕ ਤਾਂ 1975 ਤੋਂ ਮਗਰੋਂ, ਦਿੱਲੀ ਨੂੰ ਬਿਜਲੀ ਦੀ ਸਪਲਾਈ ਬੰਦ ਹੋ ਜਾਣੀ ਚਾਹੀਦੀ ਸੀ; ਪਰ ਬੰਦ ਤਾਂ ਕੀ ਹੋਣੀ ਸੀ, ਅਜ ਕਲ ਤਾਂ ਹੋਰ ਵੀ ਵਧੇਰੇ ਮਾਤਰਾ ਵਿਚ ਸਪਲਾਈ ਜਾਰੀ ਹੈ !! ਠੀਕ ਉਸ ਵਕਤ, ਦਿੱਲੀ ਨੂੰ ਬਿਜਲੀ ਜਾ ਰਹੀ ਹੁੰਦੀ ਹੈ, ਜਦੋਂ ਪੰਜਾਬ ਦੇ ਪਿੰਡਾਂ ਵਿਚ, 18-18 ਘੰਟੇ ਦਾ ਕੱਟ ਲਗ ਰਿਹਾ ਹੁੰਦਾ ? ,ਬਿਜਲੀ ਨਾ ਹੋਣ ਕਾਰਨ, ਛੋਟੀ ਇੰਡਸਟਰੀ ਦਾ ਭੱਠਾ ਬੈਠਦਾ ਜਾ ਰਿਹਾ ਹੈ ਅਤੇ ਮਜ਼ਦੂਰ ਮਾਰੇ ਮਾਰੇ ਫਿਰ ਰਹੇ ਹੁਨ, ਪਰ ਦਿੱਲੀ ਦੇ ਅਮੀਰਜ਼ਾਦਿਆਂ ਤੇ ਅਫਸਰਾਂ ਦੇ ਏਅਰ ਕੰਡੀਸ਼ਨਰ ਤਾਂ ਬੰਦ ਨਹੀਂ ਨਾ ਹੋਣੇ ਚਾਹੀਦੇ......? ਪਰ ਜ਼ਰਾ ਦਸੋ, ਦਿੱਲੀ ਸਾਨੂੰ ਕੀ ਦਿੰਦੀ ਹੈ......ਹਾਂ, ਹਾਂ, ਦਿੱਲੀ ਸਾਨੂੰ ਕੀ ਦਿੰਦੀ ਹੈ—ਸਿਵਾਏ ਟੈਕਸ ਤੇ ਟੈਕਸ ਲਾਉਣ ਦੇ ਜਾਂ ਪੰਝੀ-ਤੀਹ ਸੀ. ਆਰ. ਪੀ. ਦੀਆਂ ਬਟਾਲੀਅਨਾ ਭੇਜਣ ਦੇ ???

## ਸਾਰ:—

ਬਿਜਲੀ ਰਾਣੀ ਦੀ ਕਹਾਣੀ ਦੀ ਇਸ ਤੀਸਰੀ ਕਿਸ਼ਤ ਵਿਚ, ਪਹਿਲਾਂ ਤਾਂ ਇਹ ਗਲਤਫਹਿਮੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜੱਟਾਂ ਨੂੰ ਨਾ ਤਾਂ ਕੋਈ ਸਸਤੀ ਬਿਜਲੀ ਹੀ ਦਿਤੀ ਜਾ ਰਹੀ ਹੈ—ਜਿਵੇਂ ਕਿ ਸਰਕਾਰ ਤੇ ਬਿਜਲੀ ਬੋਰਡ ਦੇ ਅਫਸਰਾਂ ਵਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਨਾ ਹੀ "ਫਲੈਟ ਰੇਟਾਂ" ਕਾਰਨ ਬਿਜਲੀ ਬੋਰਡ ਨੂੰ ਕੋਈ ਘਾਟਾ ਪੈ ਰਿਹਾ ਹੈ । ਅਸਲ ਵਿਚ ਅਯੋਜਨਾਬੰਦੀ ਅਤੇ ਦੂਰ-ਦਰਸ਼ੀ ਸੂਝ ਦੀ ਘਾਟ ਸਦਕਾ ਪ੍ਰੋਜੈਕਟਾਂ ਦੀ ਚੋਣ ਹੀ ਗਲਤ ਨਹੀਂ ਹੁੰਦੀ ਸਗੋਂ ਚੁਣੇ ਹੋਏ ਪ੍ਰੋਜੈਕਟਾਂ ਵਿਚ ਵੀ ਭਾਰੀ ਦੇਰੀ ਹੋਣ ਕਾਰਨ, ਬੋਰਡ ਦੇ ਖਰਚਿਆਂ ਵਿਚ ਬੇਅੰਤ ਵਾਧਾ

---

**ਇਹ ਫਰਕ 60 × 800,00000 = 480 ਕਰੋੜ ਤਕਰੀਬਨ 5 ਅਰਬ ਬੈਠਦਾ ਹੈ ..??

(120—50 = 60)

*ਅੰਦਾਜਨ

ਹੋ ਜਾਂਦਾ ਹੈ। ਅੱਜ ਬਿਜਲੀ ਬੋਰਡ ਦੇ ਪੰਜਾਹ ਹਜ਼ਾਰ ਮੁਲਾਜ਼ਮਾਂ—ਅਫਸਰਾਂ—ਐਨਜੀਨੀਅਰਾਂ ਨੂੰ, ਸਾਰੇ ਸਾਲ ਦੌਰਾਨ ਉਨ੍ਹੀ ਤਨਖਾਹ ਨਹੀਂ ਹੈ ਮਿਲਦੀ—ਜਿੰਨੀ ਕੀਮਤ ਦਾ ਕੋਲਾ, ਇਕੱਲਾ ਬਠਿੰਡਾ ਥਰਮਲ ਪਲਾਂਟ ਹੀ ਡਕਾਰੀ ਜਾ ਰਿਹਾ ਹੈ; ਪਰ ਇਸਦੇ ਬਾਵਜੂਦ ਵੀ ਉੱਤਰੀ ਭਾਰਤ ਵਿਚ ਪਣ-ਬਿਜਲੀ ਡੈਮਾਂ ਦੀ ਜੇਗ੍ਹਾ ਥਰਮਲ ਪਲਾਂਟਾਂ ਨੂੰ ਹੀ ਤਰਜੀਹ ਦਿਤੀ ਜਾ ਰਹੀ ਹੈ !!! ਇੰਦਰਾ ਸਰਕਾਰ ਵਲੋਂ, ਕੋਲੇ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਕਰੀ ਜਾਣ ਕਾਰਨ, ਬਿਜਲੀ ਬੋਰਡ ਦੇ ਖਰਚਿਆਂ ਵਿਚ ਵੀ ਬੇਅੰਤ ਵਾਧਾ ਹੁੰਦਾ ਤੁਰੀ ਆ ਰਿਹਾ ਹੈ। ਇਕ ਪੁਰਾਣੇ ਸਮਝੌਤੇ ਮੁਤਾਬਕ ਤਾਂ ਭਾਵੇਂ ਦਿੱਲੀ ਨੂੰ ਬਿਜਲੀ ਦੀ ਸਪਲਈ ਚਿਰੋਕਣੀ ਬੰਦ ਹੋ ਜਾਣੀ ਚਾਹੀਦੀ ਸੀ ਮਗਰ ਬੜੇ ਦੁਖ ਦੀ ਗੱਲ ਕਿ ਪੰਜਾਬੀਆਂ ਦੀ ਕੀਮਤ ਤੇ, ਅੱਜ ਵੀ ਰਾਜਧਾਨੀ ਨੂੰ ਬਿਜਲੀ ਜਾ ਰਹੀ ਹੈ—ਅਜਕੱਲ ਤਾਂ ਹੋਰ ਵੀ ਵਧੇਰੇ। ਨਾਲੇ ਸ਼ਹਿਨਸ਼ਾਹੀ ਹੋਟਲਾਂ ਵਿਚ ਤਾਂ ਜੱਗਮੱਗ 2 ਹੋਣੀ ਹੀ ਚਾਹੀਦੀ ਹੈ ਨਾ, ਪੰਜਾਬ ਵਿਚ ਭਾਵੇਂ ਟੋਟਲ ਬਲੈਕਆਊਟ ਹੀ ਹੋ ਜਾਵੇ ? ਘਰੇਲੂ-** ਬਿਜਲੀ ਦੇ ਦਰ ਜਿਥੇ ਸੰਨ 1973 ਵਿਚ 7 ਪੈਸੇ ਪ੍ਰਤੀ-ਯੂਨਟ ਸੀ, ਅਜ 84 ਪੈਸੇ ਯੂਨਟ ਹੋ ਗਿਆ ਹੈ। ਜਿਮੀਂਦਾਰਾਂ ਉਪਰ ਵੀ, ਹਾਲ ਦੀ ਘੜੀ ਹੀ, ਤਿੰਨ-ਸਾਢੇ ਤਿੰਨ ਕਰੋੜ ਦਾ ਸਲਾਨਾ ਟੈਕਸ ਹੋਰ ਠੋਕ ਦਿਤਾ ਗਿਆ ਹੈ। ਲੋਕ ਕੀ ਕਰਨ ? ਇਹ ਇਕ ਸਵਾਲ ਹੈ। ਇਹ ਨਜਾਇਜ਼ ਵਾਧੇ ਤਦ ਤੀਕ ਜਾਰੀ ਹੀ ਰਹਿਣਗੇ ਜਦ ਤੀਕ ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਕਿਸਾਨ ਤੇ ਹੋਰ ਜਾਗ੍ਰਿਤ ਬੁੱਧੀ ਜੀਵੀ, ਇਕ ਮੁੱਠ ਹੋ ਕੇ; ਨਜਾਇਜ਼ ਵਾਧਿਆਂ ਦੇ ਵਿਰੁਧ ਅਵਾਜ਼ ਨਹੀਂ ਹਨ ਉਠਾਉਂਦੇ !!!

**ਜੇ ਘਰ ਵਿਚ 50 ਯੂਨਟ ਪ੍ਰਤੀ ਮਹੀਨਾ ਵਰਤਦੇ ਹਨ।

ਨੋਟ : ਸਰਮਾਏਦਾਰੀ ਦੁਆਰਾ ਬਿਜਲੀ ਦੀ ਚੋਰੀ ਅਤੇ ਭਰਿਸ਼ਟ ਅਫਸਰਸ਼ਾਹੀ ਬਾਬਤ ਜਾਨਣ ਵਾਸਤੇ ਆਖਰੀ ਕਿਸ਼ਤ ਅਗਲੇ ਅੰਕ ਵਿਚ ਦਿਤੀ ਜਾਏਗੀ।

## ਪਾਠਕ ਲੇਖਕ ਫੋਰਮ

# ਖਾਲਸਤਾਨ ਦੀ ਲਹਿਰ ਦਾ ਜਮਾਤੀ ਪਖ ਤੋਂ ਇਕ ਜਾਇਜ਼ਾ

—ਗੁਰਬਖਸ਼ ਜੱਸ

o ਕੋਈ ਵੀ ਜ਼ਮਾਤੀ ਸਮਾਜਕ ਪ੍ਰਬੰਧ (class society) ਵਾਲਾ ਜਾਂ ਲੁਟੇਰੇ ਪ੍ਰਬੰਧ ਵਾਲਾ ਸਮਾਜ (ਜਿਵੇਂ ਕਿ ਸਾਡਾ ਹੈ) ਜਦੋਂ ਸੰਘਰਸ਼ ਅਤੇ ਬੇਚੈਨੀ ਵਿਚੋਂ ਗੁਜ਼ਰ ਰਿਹਾ ਹੋਵੇ ਤਾਂ ਅਸਲ ਵਿਚ ਅਜੇਹਾ ਸਮਾਜ ਵਿਕਾਸ ਦੇ ਹੀ ਕਿਸੇ ਨਾ ਕਿਸੇ ਪੜਾਅ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ—ਸ਼ਰਤ ਇਹ ਹੈ ਕਿ ਅਜੇਹੇ ਸੰਘਰਸ਼ ਦਾ ਆਧਾਰ ਆਰਥਕ ਜਾਂ ਸਮਾਜਕ ਹੋਵੇ। ਇਹ ਸੰਘਰਸ਼ ਅਤੇ ਬੇਚੈਨੀ ਹੀ ਅਸਲ ਵਿਚ ਜਹਾਲਤ ਅਤੇ ਲੁੱਟ ਤੋਂ ਮੁਕਤੀ ਦੇ ਸੂਚਕ ਹਨ। ਲੋਕਾਂ ਦੇ ਮਨਾਂ ਅੰਦਰ ਜਾਂ ਬਾਹਰ ਬੇਚੈਨੀ ਅਤੇ ਸੰਘਰਸ਼ ਦਾ ਸਾਧਾਰਣ ਸ਼ਬਦਾਂ ਵਿਚ ਅਰਥ ਹੈ ਲੋਟੂ ਨਿਜ਼ਾਮ ਤੋਂ ਮੁਕਤੀ ਲਈ ਬਗਾਵਤ। ਜਦੋਂ ਤਕ 'ਪੰਜਾਬ ਸਰਕਾਰ ਮੁਰਦਾਬਾਦ', 'ਮੁਲਾਜ਼ਮ, ਮਜ਼ਦੂਰ ਵਿਦਿਆਰਥੀ ਏਕਤਾ ਜ਼ਿੰਦਾਬਾਦ'; 'ਦੁਨੀਆਂ ਭਰ ਦੇ ਕਾਮਿਓ ਇਕ ਹੋ ਜਾਓ', 'ਜੋ ਸਰਕਾਰ ਨਿਕੰਮੀ ਹੈ ਉਹ ਸਰਕਾਰ ਬਦਲਨੀ ਹੈ' ਅਤੇ 'ਅਫਸਰਸ਼ਾਹੀ, ਪੂੰਜੀਵਾਦ ਮੁਰਦਾਬਾਦ ਮੁਰਦਾਬਾਦ' ਅਤੇ 'ਇਨਕਲਾਬ ਜ਼ਿੰਦਾਬਾਦ' ਵਰਗੇ ਨਾਹਰੇ ਸਾਡੇ ਕੰਨਾਂ ਵਿਚ ਨਾਂ ਗੂੰਜ ਰਹੇ ਹੋਣ ਅਤੇ ਸਾਨੂੰ ਬੇਚੈਨ ਅਤੇ ਚੇਤੰਨ ਨਾ ਕਰ ਰਹੇ ਹੋਣ ਤਾਂ ਇਹੀ ਸਮਝਣਾ ਚਾਹੀਦਾ ਹੈ ਕਿ ਅਜੇਹੇ ਸਮਾਜ ਨੂੰ ਜ਼ਰੂਰ ਕੋਈ ਖਾਮੋਸ਼ੀ ਅਤੇ ਸਹਿਮ ਅੰਦਰੋ ਅੰਦਰ ਖਾ ਰਿਹਾ ਹੈ—ਅਰਥਾਤ ਸਾਡਾ ਸਮਾਜ ਜ਼ਰੂਰ ਨਿਘਾਰ ਅਤੇ ਗਿਰਾਵਟ (ਨੈਤਿਕ ਅਤੇ ਆਰਥਕ) ਵਲ ਜਾ ਰਿਹਾ ਹੈ। ਪਰ ਜਿਹੋ ਜਿਹੀ ਪੰਜਾਬ ਵਿਚ ਅਸੀਂ ਅੱਜ ਕਸ਼ਮਕਸ਼ ਅਤੇ ਬੇਚੈਨੀ ਦੇਖ ਰਹੇ ਹਾਂ—ਜਿਹੋ ਜਿਹੀ ਇਥੇ ਨਫਰਤ ਅਤੇ ਦਹਿਸ਼ਤ ਦੀ ਨ੍ਹੇਰੀ ਹਰ ਪਾਸੇ ਦੇਖ ਰਹੇ ਹਾਂ—ਕੀ ਅਜੇਹੀ ਸਥਿਤੀ ਨੂੰ ਅਸੀਂ ਸਮਾਜਕ ਵਿਕਾਸ ਦਾ ਨਾਂ ਦਿਆਂਗੇ। ਅਜ ਜਦੋਂ 'ਧਰਮ ਯੁਧ', 'ਖਾਲਸਤਾਨ ਰੀਪਬਲਿਕ', ਸਿਖ ਹੋਮਲੈਂਡ, 'ਸਿਖ ਇਕ ਅਲੱਗ ਕੌਮ' ਵਰਗੇ ਨਾਹਰੇ ਸਾਡੇ ਕੰਨਾਂ ਵਿਚ ਗੂੰਜ ਰਹੇ ਹਨ—ਕੀ ਅਜੇਹੇ ਨਾਹਰੇ ਵੀ ਸਾਡੇ ਸਮਾਜਕ ਵਿਕਾਸ ਦੇ ਸੂਚਕ ਹਨ—ਕੀ ਇਨ੍ਹਾਂ ਨਾਲ ਵੀ ਸਮਾਜ ਦਾ ਵਿਕਾਸ ਅਗਾਂਹ ਨੂੰ ਵਧ ਰਿਹਾ ਹੈ ? ਉਤਰ ਸਾਫ ਹੈ—ਬਿਲਕੁਲ ਨਹੀਂ। ਅਜੇਹੀਆਂ ਮੰਗਾਂ, ਨਾਹਰਿਆਂ ਅਤੇ ਬੇਚੈਨੀ ਨਾਲ ਸਮਾਜ ਮੁੜ ਜਹਾਲਤ ਅਤੇ ਪਿਛਾਖੜ ਵਿਚ ਫਸ ਜਾਵੇਗਾ ਅਤੇ ਇਹਦਾ ਨਤੀਜਾ ਹੋਵੇਗਾ ਥਾਂ ਥਾਂ ਫਿਰਕੂ ਫਸਾਦ—ਤਬਾਹੀ ਅਤੇ ਬਸ ਤਬਾਹੀ.. । ਸਮਾਜ ਵਿਚ ਸਮਾਜ ਦੇ ਇਕ ਹਿਸੇ ਨੂੰ ਉਤਮ ਅਤੇ ਭਿੰਨ ਘੋਸ਼ਤ ਕਰਨਾ (ਜਦੋਂ ਕਿ ਸਾਰੇ ਲੋਕ ਇਕੋ ਧਰਤੀ ਦੇ ਜੰਮ-ਪਲ ਹੋਣ) ਅਤੇ ਦੂਸਰਿਆਂ ਹਿਸਿਆਂ ਜਾਂ ਤਬਕਿਆਂ ਦੀ ਪਰਵਾਹ ਕੀਤੇ ਬਗੈਰ ਉਨ੍ਹਾਂ ਨੂੰ ਜ਼ੀਰੋ ਕਰ ਦੇਣਾ (ਜਦੋਂ ਕਿ ਤਰਕ ਦੇ ਅਧਾਰ ਤੇ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਕੋਈ ਅਲੱਗ ਕੌਮ ਵੀ ਨਾ ਬਣਦੀ ਹੋਵੇ) ਕਿਥੋਂ ਦਾ ਇਨਸਾਫ ਹੈ, ਕਿਥੋਂ ਦੀ ਜਮਹੂਰੀਅਤ ਹੈ ?

o ਅਜ ਪੰਜਾਬ ਦੀ ਫਿਜ਼ਾ ਅੰਦਰ ਫਿਰਕੂ ਮਾਹੌਲ ਇਵੇਂ ਵਿਗੜ ਚੁਕਿਆ ਹੈ ਕਿ ਹਰ ਵਿਅਕਤੀ ਦੀ ਜ਼ਬਾਨ ਤੇ ਇਹੀ ਸ਼ਬਦ ਆਪ ਮੁਹਾਰੇ ਆ ਰਹੇ ਹਨ ਕਿ ਪੰਜਾਬ ਦਾ ਕੀ ਬਣੂੰ—ਪੰਜਾਬ ਦੇ ਸਾਊ, ਇਨਸਾਫ ਪਸੰਦ ਅਤੇ

ਮਿਹਨਤਕਸ਼ ਹਿੰਦੂਆਂ ਸਿਖਾਂ ਦਾ ਕੀ ਬਣੂੰ—ਇਵੇਂ ਲਗਦਾ ਹੈ ਕਿ ਜਿਵੇਂ ਇਹ ਫਿਰਕੂ ਨਫਰਤ ਦੀ ਅੱਗ ਚਾਰੇ ਪਾਸੇ ਫੈਲ ਕੇ ਕਿਤੇ ਪੰਜਾਬ ਦੀ ਸਾੜ ਫੂਕ ਹੀ ਨਾ ਕਰ ਦੇਵੇ। ਫਿਰਕੂ ਦੰਗਿਆਂ ਦੀ ਲਾਹਨਤ ਦੇ ਕਾਰਣ ਹੀ ਪੰਜਾਬ ਪਹਿਲਾਂ ਹੀ ਪਿਛਲੇ 35 ਸਾਲਾਂ ਵਿਚ ਦੋ ਵਾਰ ਟੋਟੇ ਟੋਟੇ ਹੋ ਚੁਕਿਆ ਹੈ—ਫਿਰ ਵੀ ਫਿਰਕਾਪ੍ਰਸਤੀ ਦੀ ਭਾਵਨਾ ਘਟੀ ਨਹੀਂ ਸਗੋਂ ਹੋਰ ਵੀ ਡੂੰਘੀ ਹੁੰਦੀ ਗਈ ਹੈ। ਇਥੋਂ ਦਾ ਜਗੀਰੂ ਤੱਤ ਹਮੇਸ਼ਾਂ ਰਾਜ ਸੱਤਾ ਦਾ ਹਿਸੇਦਾਰ ਰਹਿਣ ਦੀ ਖਾਤਰ ਫਿਰਕੂ ਦੰਗਿਆਂ ਅਤੇ ਮੱਜ਼੍ਹਬ ਦੇ ਨਾਂ ਤੇ ਲੋਕਾਂ ਨੂੰ ਲੜਾਉਣ ਦੇ ਦਾਅ ਤੇ ਰਿਹਾ ਹੈ। ਪੰਜਾਬ ਦਾ ਜਗੀਰਦਾਰ ਤਬਕਾ ਧਰਮ ਦੇ ਨਾਂ ਤੇ ਜਥੇਬੰਦ ਹੋਣ ਕਾਰਣ—ਇਥੋਂ ਦੇ ਸਿਆਸੀ ਢਾਂਚੇ ਅੰਦਰ ਕੋਈ ਜਮਾਤੀ ਲੜਾਈ ਨਹੀਂ ਬਣ ਸਕੀ, ਬਸ ਜਾਤੀਵਾਦ ਦੀ ਜੰਗ ਹੀ ਸ਼ੁਰੂ ਰਹੀ ਹੈ। ਮਸ਼ਹੂਰ ਉਰਦੂ ਸ਼ਾਇਰ ਇਕਬਾਲ ਨੇ ਕਿਹਾ ਸੀ ਕਿ "ਮੱਜ਼੍ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ......"—ਪਰੰਤੂ ਪੰਜਾਬ ਵਿਚ ਅੱਜ ਦੀ ਸਮਾਜਕ ਸਥਿਤੀ ਦੇਖਕੇ ਤੁਸੀਂ ਆਪ ਹੀ ਅੰਦਾਜ਼ਾ ਲਾ ਲਵੋ ਕਿ ਨਫਰਤ ਦੀ ਅੱਗ ਭੜਕਾਉਣ ਵਾਲੇ ਮੱਜ਼੍ਹਬੀ ਆਗੂ ਹੀ ਹਨ ਜਾਂ ਕੋਈ ਹੋਰ। ਪੰਜਾਬ ਦੇ ਅਨਪੜ੍ਹ ਲੋਕ ਹੀ ਨਹੀਂ ਸਗੋਂ ਪੜ੍ਹਿਆ ਲਿਖਿਆ ਵਰਗ ਵੀ ਭੰਬਲਭੂਸੇ ਅਤੇ ਭੁਤਫੇਰੀਆਂ ਵਿਚ ਪਿਆ ਹੋਇਆ ਹੈ—ਸੋਚ ਸੋਚ ਕੇ ਉਨ੍ਹਾਂ ਦੇ ਦਿਮਾਗਾਂ ਦੀ ਬਸ ਹੋ ਗਈ ਹੈ ਕਿ ਸਚਮੁਚ ਹੀ ਪੰਜਾਬ ਇਸ ਭਰਾ-ਮਾਰ ਲੜਾਈ ਨਾਲ ਤਬਾਹ ਹੋ ਜਾਵੇਗਾ ਜਾਂ ਇਹਦਾ ਬਚਾਅ ਵੀ ਹੋ ਜਾਵੇਗਾ। ਇਹ ਪ੍ਰਸ਼ਨ ਪੰਜਾਬ ਦੇ ਲੋਕਾਂ ਲਈ ਜ਼ਿੰਦਗੀ 'ਮੌਤ ਦੇ ਪ੍ਰਸ਼ਨ ਹਨ।

o ਜੇ ਇਸ ਅੰਦੋਲਨ ਦਾ ਮੰਤਵ ਸਿਰਫ ਰਾਜਾਂ ਨੂੰ ਵਧ ਅਧਿਕਾਰ ਦੇਣਾ ਹੀ ਹੁੰਦਾ ਤਾਂ ਕਿਸੇ ਵੀ ਜਮਹੂਰੀ ਸਮਝ ਵਾਲੇ ਵਿਅਕਤੀ ਨੂੰ ਕੋਈ ਇਤਰਾਜ਼ ਨਾ ਹੁੰਦਾ। ਸਟੇਟਾਂ ਜਾਂ ਪ੍ਰਾਂਤਾਂ ਨੂੰ ਵਧ ਅਧਿਕਾਰ ਦੇਣ ਦਾ ਅਰਥ ਹੈ ਕੇਂਦਰ ਦੀਆਂ ਅਥਾਹ ਸ਼ਕਤੀਆਂ ਦਾ ਵਿਕੇਂਦਰੀਕਰਣ ਕਰਕੇ ਲੋਕਾਂ ਦੇ ਅਧਿਕਾਰਾਂ ਉਤੋਂ ਸਰਕਾਰ ਦੇ ਦਾਬੇ ਨੂੰ ਘਟਾਉਣਾ—ਕੇਂਦਰ ਦੀ ਆਪਹੁਦਰਾਸ਼ਾਹੀ ਤੋਂ ਲੋਕਾਂ ਦੇ ਅਧਿਕਾਰਾਂ ਨੂੰ ਨਿਜਾਤ ਦੁਆਉਣਾ। ਮੌਜੂਦਾ ਸਥਿਤੀ ਅੰਦਰ; ਪ੍ਰਾਂਤਾਂ ਦੀ ਹਾਲਤ ਇਹ ਹੈ ਕਿ ਸੰਬੰਧਤ ਸੂਬੇ ਦੇ ਲੋਕਾਂ ਨੂੰ ਇਕ ਪਾਸੇ ਤਾਂ ਰਾਜ ਸਰਕਾਰ ਦੀ ਤਾਨਾਸ਼ਾਹੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੂਸਰੇ ਪਾਸੇ ਕੇਂਦਰ ਦੀ ਸਰਕਾਰ ਦਾ। ਹੁਣ ਤਕ ਸਥਿਤੀ ਇਹ ਰਹੀ ਹੈ ਕਿ ਕੇਂਦਰ ਦੀ ਸਰਕਾਰ ਨੇ ਹਮੇਸ਼ਾ ਆਪਣੇ ਹਥ ਮਜ਼ਬੂਤ ਕਰਨ ਲਈ 'ਕੌਮੀ ਸੁਰਖਿਆ ਐਕਟ' ਵਰਗੇ ਕਨੂੰਨ ਬਣਾਕੇ ਅਤੇ ਲਾਗੂ ਕਰਕੇ ਲੋਕਾਂ ਦੇ ਮੁਢਲੇ ਅਧਿਕਾਰਾਂ ਤੇ ਛਾਪਾ ਮਾਰਿਆ ਹੈ—ਇਧਰ ਰਾਜ ਮਸ਼ੀਨਰੀ ਵੀ ਸਮੇਂ ਸਮੇਂ ਕਿਸੇ ਨਾ ਕਿਸੇ ਬਹਾਨੇ ਕਨੂੰਨ ਬਣਾਕੇ ਲੋਕਾਂ ਦੀਆਂ ਅਜ਼ਾਦੀਆਂ ਕੁਚਲਦੀ ਰਹਿੰਦੀ ਹੈ—ਅਜ਼ਾਦੀਆਂ ਜ਼ਿਹੜੀਆਂ ਕਿ ਸਾਡੇ ਵਿਧਾਨ ਨੇ ਸਾਨੂੰ ਲਿਖਤੀ ਰੂਪ ਵਿਚ ਦਿਤੀਆਂ ਹਨ। ਇਹ ਤਾਂ ਹੁਣ ਅਜ਼ਮਾਈ ਹੋਈ ਸਚਾਈ ਹੈ ਕਿ ਸਰਕਾਰ ਦੇ ਹਥਾਂ ਵਿਚ ਜਿੰਨੀ ਤਾਕਤ ਘਟ ਹੋਵੇਗੀ—ਓਨੇ ਹੀ ਲੋਕਾਂ ਦੇ ਹੱਕ ਸੁਰਖਿਅਤ ਰਹਿਣਗੇ। ਸਿਟੇ ਵਜੋਂ ਰਾਜਾਂ ਨੂੰ ਵਧ ਅਧਿਕਾਰ ਦੇਣੇ ਸ਼ਹਿਰੀ ਅਜ਼ਾਦੀਆਂ ਦੇ ਹਿਤ ਵਿਚ ਹੈ। ਪਰ ਪੰਜਾਬ ਵਿਚ ਚਲ ਰਹੇ ਮੋਰਚੇ ਜਾਂ ਅੰਦੋਲਨ ਨੂੰ ਜੇ ਪੂਰੀ ਤਰ੍ਹਾਂ ਘੋਖਿਆ ਜਾਵੇ ਤਾਂ ਸਾਫ ਜ਼ਾਹਰ ਹੈ ਕਿ ਇਸ ਅੰਦੋਲਨ ਦੇ ਆਗੂਆਂ ਦੀ ਏਹੀ ਮੰਗ ਹੈ ਕਿ ਪੰਜਾਬ ਇਕ ਅਜੇਹਾ ਪ੍ਰਾਂਤ ਹੋਵੇ ਜਿਥੇ ਸਿਖਾਂ ਜਾਂ ਅਕਾਲੀਆਂ ਦਾ ਹੀ ਬੋਲਬਾਲਾ ਹੋਵੇ—ਉਨ੍ਹਾਂ ਦੇ ਹੀ ਅਧਿਕਾਰ ਵਿਚ ਇਥੋਂ ਦੀ ਵਾਗਡੋਰ ਹੋਵੇ ਸਿਰਫ ਉਨ੍ਹਾਂ ਦੇ ਹੀ ਅਧਿਕਾਰ ਸੁਰਖਿਅਤ ਹੋਣ ਅਤੇ ਬਾਕੀ ਤਬਕਿਆਂ ਦੇ ਲੋਕ ਇਥੇ ਆਪਣੀ ਹੀ ਜਨਮਭੂਮੀ ਉਤੇ ਨੰਬਰ ਦੋ ਦੇ ਸ਼ਹਿਰੀ (Subordinate citizens) ਬਣਕੇ ਰਹਿਣ। ਇਸ ਲਈ ਇਹ ਅੰਦੋਲਨ ਅਵਾਮ ਦੇ ਹਕਾਂ ਦੇ ਬਿਲਕੁਲ ਵਿਰੁਧ ਹੈ— ਇਹਦੇ ਬਾਰੇ ਸਾਨੂੰ ਰਤਾ ਵੀ ਸ਼ੱਕ ਨਹੀਂ ਹੋਣੀ ਚਾਹੀਦੀ। ਸਾਨੂੰ ਉਨ੍ਹਾਂ ਲੋਕਾਂ ਜਾਂ ਆਗੂਆਂ ਤੋਂ ਵੀ ਖਬਰਦਾਰ ਰਹਿਣਾ ਪਵੇਗਾ ਜਿਹੜੇ ਇਸ ਅੰਦੋਲਨ ਨੂੰ ਸਮੂਹ ਲੋਕਾਂ ਦਾ ਅੰਦੋਲਨ ਕਹਿ ਰਹੇ ਹਨ—ਉਹ ਲੋਕ ਪਖੀ ਵਿਚਾਰਧਾਰਾ ਦਾ ਕਤਲੇਆਮ ਕਰ ਰਹੇ ਹਨ। ਪੰਜਾਬ ਦੀਆਂ ਕਈ ਪੱਤਰਕਾਵਾਂ ਅਤੇ ਅਖ਼ਬਾਰਾਂ ਦੇ ਸੰਪਾਦਕ ਜਾਂ ਸੰਚਾਲਕ ਇਥੋਂ ਦੇ ਗੁਮਰਾਹ ਹੋਏ ਲੋਕਾਂ ਨੂੰ ਘੁੰਮਣਘੇਰੀਆਂ ਵਿਚ ਪਾ ਕੇ, ਫਿਰਕੂ ਭੜਕਾਹਟ ਪੈਦਾ ਕਰਕੇ ਉਨ੍ਹਾਂ ਨੂੰ ਹੋਰ ਵੀ ਗੁਮਰਾਹ ਕਰ ਰਹੇ ਹਨ। ਉਹ ਵਿਗੜੀ ਹੋਈ ਸਮਾਜਕ ਸਥਿਤੀ ਨੂੰ ਸੁਧਾਰਨ ਦੀ ਥਾਂ ਇਹਦੇ ਵਿਚੋਂ ਆਪਣੇ ਹੀ ਆਰਥਕ ਅਤੇ ਸਿਆਸੀ ਹਿਤ ਪਾਲਣ ਦੇ ਪਿਛੇ ਪਏ ਹੋਏ ਹਨ। ਅਸਲ ਵਿਚ ਇਹ ਉਹ ਲੋਕ ਹਨ, ਸੁਆਰਥੀ ਹਿੱਤਾਂ ਦੀ ਅੱਗ ਵਿਚ ਜਿਨ੍ਹਾਂ ਦੀ ਜ਼ਮੀਰ ਮਰ ਚੁਕੀ ਹੈ—ਬਾਬੇ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਦੇ ਬਾਣੇ ਵਿਚ ਇਹ ਸਭ ਬਾਬਰ ਜਾਂ ਮਾਲਕ ਭਾਗੋ ਦੇ ਪੈਰੋਕਾਰ ਹਨ। ਅਜੇਹੇ ਕੌਮ-ਧਰੋਹੀ ਮੌਕਾਪ੍ਰਸਤ ਵਿਅਕਤੀਆਂ ਨੂੰ ਲੋਕਾਂ ਵਿਚ ਵਧ ਤੋਂ ਵਧ ਬੇਨਿਕਾਬ ਕਰੋ—ਉਨ੍ਹਾਂ ਦੀਆਂ ਘਿਨਾਉਣੀਆਂ ਕਰਤੂਤਾ ਦਾ ਪਰਦਾ ਫਾਸ਼ ਕਰੋ। ਇਸ ਸੰਦਰਭ ਵਿਚ ਪਿਛਲੀ 'ਸਮਤਾ' ਵਿਚ 'ਪੰਜਾਬੀ ਅਖਬਾਰ ਨਵੀਸੀ ਅਤੇ ਫਿਰਕਾਪ੍ਰਸਤੀ' ਬਾਰੇ ਛਪਿਆ ਪੰਜਾਬੀ ਕਵੀ ਪਾਸ਼ ਦਾ ਲੇਖ ਬੜਾ ਸਾਰਥਕ ਹੈ। ਵਧ ਤੋਂ ਵਧ ਪਾਠਕਾਂ ਨੂੰ ਅਜੇਹੇ ਲੇਖ ਪੜ੍ਹਕੇ ਪ੍ਰੇਰਨਾ ਲੈਣੀ ਚਾਹੀਦੀ ਹੈ।

o ਇਸ ਫਿਰਕਾਪ੍ਰਸਤੀ ਜਾਂ ਇਲਾਕਾਵਾਦ ਦੀ ਲਹਿਰ ਵਿਚ ਸਾਡੀਆਂ ਭਾਰੂ (ਸਥਾਪਤ) ਸੱਜੀਆਂ ਖੱਬੀਆਂ

ਕਮਿਊਨਿਸਟ ਪਾਰਟੀਆਂ ਦਾ ਰੋਲ ਵੀ ਉਤਸ਼ਾਹ ਜਨਕ ਨਹੀਂ ਰਿਹਾ—ਉਨ੍ਹਾਂ ਆਪਣਾ ਬਣਦਾ ਰੋਲ ਨਹੀਂ ਨਿਭਾਇਆ। ਅਖੌਤੀ ਖੱਬੀਆਂ ਪਾਰਟੀਆਂ ਨੇ ਕਈ ਦੇਰ ਤਾਂ ਬਿਲਕੁਲ ਚੁੱਪ ਹੀ ਵੱਟ ਰਖੀ। ਆਪਣੀਆਂ ਵੋਟਾਂ ਦੀ ਭਾਈਵਾਲੀ ਅਤੇ ਸੌਦੇਬਾਜ਼ੀ ਨੂੰ ਜਿਓਂ ਦਾ ਤਿਓਂ ਕਾਇਮ ਰਖਣ ਲਈ—ਉਨ੍ਹਾਂ ਚੁਪ ਰਹਿਕੇ ਇਸ ਪਿਛਾਂਹਖਿਚੂ, ਦੇਸ਼ਧਰੋਹੀ ਅੰਦੋਲਨ ਨੂੰ ਸਗੋਂ ਸੰਕੇਤਕ ਢੰਗ ਨਾਲ ਸ਼ਹਿ ਹੀ ਦਿਤੀ ਹੈ। ਅੱਤ ਪਿਛਾਖੜ ਦੇ ਇਸ ਅੰਦੋਲਨ ਬਾਰੇ ਕੀ ਸਿਰਫ ਅਖਬਾਰਾਂ ਵਿਚ ਬਿਆਨਬਾਜ਼ੀ ਹੀ ਕਰਨਾ ਕਾਫੀ ਸੀ—ਕੀ ਪੰਜਾਬ ਪੱਧਰ ਤੇ ਰੈਲੀਆਂ ਮੁਜ਼ਾਹਰੇ ਨਹੀਂ ਸੀ ਹੋਣੇ ਚਾਹੀਦੇ ? ਫਿਰ ਵੀ ਕਿਸੇ ਹਦ ਤਕ 'ਨਵਾਂ ਜ਼ਮਾਨਾ' ਅਖਬਾਰ ਦੇ ਸੰਪਾਦਕਾਂ ਦਾ—ਇਸ ਪੇਚੀਦਾ ਮਸਲੇ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਅਤੇ ਸੇਧ ਦੇਣ ਦਾ ਰੋਲ ਸ਼ਲਾਘਾਯੋਗ ਹੈ।

ਕੁਝ ਪੱਤਰਕਾਰਾਂ ਅਤੇ ਟਿਪਣੀਕਾਰਾਂ ਦੀਆਂ ਇਸ ਅੰਦੋਲਨ ਬਾਰੇ ਟਿਪਣੀਆਂ ਇਸ ਪ੍ਰਕਾਰ ਹਨ :—

1. ਇੰਦਰਾ ਗਾਂਧੀ ਅਤੇ ਉਹਦੇ ਵਿਸ਼ੇਸ਼ ਦੂਤਾਂ ਵਲੋਂ ਰਚਾਈਆਂ ਗਈਆਂ ਗੋਸ਼ਟੀਆਂ ਅਤੇ ਪੰਜਾਬ ਦੇ ਲੋਕਾਂ ਨੂੰ ਅਮਨ ਕਾਇਮ ਰਖਣ ਲਈ ਸੰਤ ਲੌਂਗੋਵਾਲ ਦੀਆਂ ਅਪੀਲਾਂ ਬਿਲਕੁਲ ਉਸੇ ਤਰ੍ਹਾਂ ਹਨ ਜਿਵੇਂ ਕੋਈ ਬਰੂਦ ਨੂੰ ਅੱਗ ਲਾਉਣ ਪਿਛੋਂ ਅੱਗ ਬੁਝਾਓ ਬੁਝਾਓ ਦਾ ਸ਼ੋਰ ਸ਼ਰਾਬਾ ਪਾ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ ਕਿ ਮੇਰਾ ਮੰਤਵ ਅਜੇਹਾ ਸਭ ਕੁਝ ਕਰਨਾ ਤਾਂ ਨਹੀਂ ਸੀ।

2. ਇਨ੍ਹਾਂ ਧਾਰਮਕ ਅਤੇ ਫਿਰਕੂ ਆਗੂਆਂ ਦਾ ਭਾਰਤ ਜਾਂ ਭਾਰਤ ਦੇ ਲੋਕਾਂ ਨਾਲ ਕੋਈ ਹਿਤ 'ਨਹੀਂ', ਉਹ ਵਿਦੇਸ਼ੀ ਸਾਮਰਾਜ, ਸਾਮਰਾਜ ਦੀਆਂ ਯੁਧਨੀਤਕ ਚਾਲਾਂ ਅਤੇ ਲੋਟੂ ਮਣਸ਼ਿਆਂ ਦੀ ਪੂਰਤੀ ਲਈ ਹੀ ਸਭ ਕੁਝ ਕਰ ਰਹੇ ਹਨ—ਭਾਵੇਂ ਪ੍ਰਤੱਖ ਰੂਪ ਵਿਚ ਇਹ ਸਭ ਕੁਝ ਨਜ਼ਰ ਨਹੀਂ ਆ ਰਿਹਾ ਕਿਉਂਕਿ ਵਿਦੇਸ਼ੀ ਏਜੰਸੀਆਂ ਦੀਆਂ ਸਾਰੀਆਂ ਕਾਰਵਾਈਆਂ ਖੁਫੀਆ ਹਨ। ਅਜ ਸਾਮਰਾਜੀ ਸ਼ਕਤੀਆਂ ਭਾਰਤ ਨੂੰ ਜ਼ਾਤਪਾਤ ਧਰਮਾਂ ਅਤੇ ਫਿਰਕੂ ਜਨੂੰਨ ਦੇ ਅਧਾਰ ਤੇ ਟੁਕੜੇ ਟੁਕੜੇ ਕਰਕੇ ਇਕ ਪਾਸੇ ਲੋਕਾਂ ਨੂੰ ਲੋਕਾਂ ਨਾਲ ਲੜਾਉਣ ਅਤੇ ਦੂਸਰੇ ਪਾਸੇ ਲੋਕ ਘੋਲਾਂ ਨੂੰ ਸਟ ਮਾਰਨ ਦਾ ਕੋਝਾ ਕਾਰਨਾਮਾ ਕਰਦੀਆਂ ਹਨ।

3. ਹੁਣ ਅਕਾਲੀ ਮੋਰਚੇ ਉਤੇ ਮੋਰਚੇ ਦੇ ਡਿਕਟੇਟਰ ਲੌਂਗੋਵਾਲ ਦਾ ਕੋਈ ਕੰਟਰੋਲ ਨਹੀਂ ਰਿਹਾ—ਸਾਰੀ ਤਾਕਤ ਉਨ੍ਹਾਂ ਸ਼ਕਤੀਆਂ ਦੇ ਚਲੀ ਗਈ ਹੈ, ਜਿਹੜੀਆਂ ਹਰ ਢੰਗ ਨਾਲ ਸਿੰਘਾਂ ਦੇ ਬੋਲਬਾਲੇ ਵਾਲਾ ਰਾਜ ਕਾਇਮ ਕਰਨ ਲਈ ਤਿਆਰੀਆਂ ਕਰ ਰਹੀਆਂ ਹਨ।

4. ਕੇਂਦਰੀ ਸਰਕਾਰ ਜਿਹੜੀਆਂ ਮੰਗਾਂ ਥਾਲੀ ਵਿਚ ਪਾ ਕੇ ਪੰਜਾਬ ਦੇ ਮਹੌਲ ਨੂੰ ਸ਼ਾਂਤ ਕਰਨ ਦੀ ਆਸ ਲਾਈ ਬੈਠੀ ਹੈ, ਉਹ ਬਿਲਕੁਲ ਹਾਸੋਹੀਣੀ ਹੈ।

ਸੋ ਸਰਕਾਰ ਅਤੇ ਇਸ 'ਧਰਮ ਯੁਧ' ਦੇ ਆਗੂਆਂ ਦਾ ਪਖ ਇਥੇ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਉਹ ਇਸ ਨਿਹੱਕੀ ਲੜਾਈ ਨੂੰ ਬੰਦ ਕਰਾਉਣ ਵਿਚ ਕਿੰਨੇ ਕੁ ਸੁਹਿਰਦ ਹਨ। 'ਸਿੱਖ ਧਰਮ ਨੂੰ ਖਤਰਾ' ਜਾਂ ਪੰਥ ਨੂੰ ਖਤਰਾ' ਦੀ ਗੱਲ ਦੁਹਾਈ ਪਾਉਣ ਵਾਲਿਆਂ ਉਤੇ ਪੰਜਾਬ ਦੀ ਇਕ ਧਾਰਮਿਕ ਸੰਸਥਾ 'ਸਾਧੂ ਸਮਾਜ' ਦੇ ਨੇਤਾ ਸ੍ਰੀ ਕ੍ਰਿਸ਼ਨਾਨੰਦ ਨੇ ਬਹੁਤ ਹੀ ਵਧੀਆ ਗੱਲ ਕਹੀ ਹੈ ਕਿ 'ਅਜ ਸਾਡੇ ਸਮਾਜ ਨੂੰ ਨਾਸਤਕਵਾਦ ਤੋਂ ਓਨਾ ਖਤਰਾ ਨਹੀਂ ਜਿੰਨਾ ਕਿ ਮਜ਼ਬ ਵਿਚੋਂ ਪੈਦਾ ਹੋਈ ਫ਼ਿਰਕਾਪ੍ਰਸਤੀ ਅਤੇ ਮਜ਼ਬ ਦੇ ਠੇਕੇਦਾਰਾਂ ਤੋਂ ਹੈ।"

ਅਜ ਸਾਡੇ ਸਾਹਮਣੇ ਦੋ ਪ੍ਰਸ਼ਨ ਬੜੇ ਅਹਿਮ ਹਨ :

1. ਜੇ ਇਸ ਅੰਦੋਲਨ ਦਾ ਕੋਈ ਆਰਥਕ ਜਾਂ ਸਮਾਜਕ ਅੰਧਾਰ ਨਹੀਂ, ਇਹ ਹਕੀਕਤ ਲੋਕਾਂ ਨੂੰ ਕਿਵੇਂ ਸਮਝਾਈ ਜਾਵੇ ?

2. ਪੰਜਾਬ ਦੀ ਅਜੋਕੀ ਸਥਿਤੀ ਨੂੰ ਸਹੀ ਦਿਸ਼ਾ ਕਿਵੇਂ ਦਿਤੀ ਜਾ ਸਕਦੀ ਹੈ ? ਸਾਰੇ ਲੋਕ-ਪਖੀ ਬੁਧੀਜੀਵੀਆਂ ਲਈ ਇਹ ਡੂੰਘੀ ਚਿੰਤਾ ਦੀ ਗੱਲ ਹੈ।

ਸਮਾਜ ਵਿਚ ਕਿਸੇ ਵੀ ਅੰਦੋਲਨ ਦਾ ਅਵਾਮੀ ਹੋਣ ਲਈ ਇਹਦਾ ਆਰਥਕ ਅਤੇ ਸਮਾਜਕ ਅਧਾਰ ਬਹੁਤ ਜ਼ਰੂਰੀ ਹੈ। ਜੇ ਕਿਸੇ ਅੰਦੋਲਨ ਦੇ ਅੰਦੋਲਨਕਾਰੀਆਂ ਅਗੇ ਸਮੂਹ ਲੋਕਾਂ ਦੇ ਮਸਲਿਆਂ ਦੀ ਕੋਈ ਕਾਰਜਸੂਚੀ ਜਾਂ ਉਦੇਸ਼ ਹੀ ਨਾ ਹੋਵੇ ਤਾਂ ਉਹਦਾ ਸਮਾਜ ਨੂੰ ਮੌਜੂਦਾ ਸਥਿਤੀ ਅੰਦਰ ਅਤੇ ਭਵਿਖ ਵਿਚ ਨੁਕਸਾਨ ਹੀ ਨੁਕਸਾਨ ਹੈ। ਸੁਣਿਆ ਹੈ ਇਸ ਮੋਰਚੇ ਨਾਲ ਪੰਜਾਬ ਦਾ ਕੁਝ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸੱਚ ਤਾਂ ਇਹ ਹੈ ਇਕ ਕੁਝ ਸਿਖ ਜਗੀਰਦਾਰਾਂ ਦੀ ਛਤਰਛਾਇਆ ਹੇਠ ਛੇੜੇ ਗਏ ਇਸ ਫਿਰਕੂ ਅੰਦੋਲਨ ਦਾ ਕੋਈ ਆਰਥਕ ਜਾਂ ਸਮਾਜਕ ਅਧਾਰ ਨਹੀਂ—ਪੰਜਾਬ ਦੇ ਸਮੂਹ ਤਬਕਿਆਂ ਦੇ ਜਨਸਧਾਰਣ ਦਾ ਇਹਦੇ ਨਾਲ ਦੂਰ ਦਾ ਵੀ ਵਾਸਤਾ ਨਹੀਂ—ਪਏ ਇਹ ਸਾਰੇ ਤਬਕੇ (ਜਿਵੇਂ

ਕਿ ਸਥਿਤੀ ਬਿਗੜ ਰਹੀ ਹੈ) ਇਸ ਫਿਰਕੂ ਅੰਦੋਲਨ ਦੀ ਲਪੇਟ ਵਿਚ ਕਦੇ ਵੀ ਆ ਸਕਦੇ ਹਨ। ਇਸ ਵਿਚ ਤਾਂ ਕੋਈ ਸ਼ਕ ਨਹੀਂ ਕਿ ਇਹ ਇਕ ਲੁਟੇਰੇ ਦੀ ਦੂਜੇ ਲੁਟੇਰੇ ਨਾਲ ਰਾਜ ਭਾਗ ਦੀ ਲੜਾਈ ਹੈ। ਦੇਸ਼ ਦੀ ਵੰਡ ਪਿਛੋਂ, 1947 ਤੋਂ ਲੈ ਕੇ ਪੰਜਾਬੀ ਸੂਬੇ ਦੀ ਪ੍ਰਾਪਤੀ ਤਕ, ਪੰਜਾਬ ਦੀ ਸਿਖ ਜਗੀਰਦਾਰੀ ਜਾਂ ਅਕਾਲੀ ਲੀਡਰਸ਼ਿਪ ਨੇ ਜਿਹੜੇ ਵੀ ਅੰਦੋਲਨ ਕੀਤੇ ਹਨ—ਇਨ੍ਹਾਂ ਦਾ ਕਦੇ ਵੀ ਕੋਈ ਆਰਥਕ ਜਾਂ ਸਮਾਜਿਕ ਅਧਾਰ ਨਹੀਂ ਰਿਹਾ—ਤੱਤ ਰੂਪ ਵਿਚ ਇਹ ਹਮੇਸ਼ਾਂ ਜਗੀਰਦਾਰ ਧੜੇ ਦਾ ਅੰਦੋਲਨ ਰਿਹਾ ਹੈ। ਅਜ ਦੇ ਅਕਾਲੀ ਮੋਰਚੇ ਦੇ ਅੰਦੋਲਨ ਨੂੰ ਵੀ ਇਤਿਹਾਸ ਦੀ ਇਸੇ ਰੋਸ਼ਨੀ ਵਿਚ ਦੇਖਣਾ ਪਵੇਗਾ। ਦਲ ਖਾਲਸਾ, ਅਕਾਲੀ ਪਾਰਟੀ ਜਾਂ ਇਹਦੇ ਹੋਰ ਸਹਿਯੋਗੀ ਫਿਰਕੂ ਧੜਿਆਂ ਦੀ ਨਿਹੱਕੀ-ਗੈਰ-ਜਮਹੂਰੀ ਲੜਾਈ ਪੰਜਾਬ ਦੀ ਰਾਜਸੱਤਾ ਦੀ ਪ੍ਰਾਪਤੀ ਦੀ ਲੜਾਈ ਹੈ। ਅਕਾਲੀ ਪਾਰਟੀ ਨੂੰ ਕੇਂਦਰ ਕੋਲੋਂ ਪੰਜਾਬ ਦੇ ਦੋ ਟੋਟੇ ਕਰਾ ਕੇ ਪੰਜਾਬ ਦੇ ਭਾਰੂ ਅਬਾਦੀ ਵਾਲੇ ਇਲਾਕੇ 'ਪੰਜਾਬੀ ਸੂਬੇ' ਰਾਹੀਂ ਪ੍ਰਾਪਤ ਕਰਕੇ ਇਹੀ ਸਮਝਿਆ ਕਿ ਹੁਣ ਹਰ ਆਮ ਚੋਣਾਂ ਦੇ ਨਤੀਜੇ ਪਿਛੋਂ ਹਰ ਵਾਰ ਉਨ੍ਹਾਂ ਦੀ ਆਪਣੀ ਰਾਜ ਸੱਤਾ ਦਾ ਝੰਡਾ ਲਹਿਰਾਏਗਾ, ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਹਮੇਸ਼ਾਂ 'ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ' ਉਨ੍ਹਾਂ ਦੇ ਹੱਥੋਂ ਖੁਸ ਜਾਵੇਗੀ। ਇਥੇ ਮਸਲਾ ਇਹ ਵੀ ਹੈ ਕਿ ਪੰਜਾਬ ਦੀਆਂ ਸਿਖ-ਪਖੀ ਫਿਰਕੂ ਸ਼ਕਤੀਆਂ ਜਗੀਰਦਾਰੀ ਨਾਲ ਮਿਲਕੇ ਪੂਰੀ ਤਰ੍ਹਾਂ ਜਥੇਬੰਦ ਹਨ—ਇਨ੍ਹਾਂ ਦੀਆਂ ਜੜ੍ਹਾਂ ਵੀ ਡੂੰਘੀਆਂ ਹਨ। ਇਹਦੇ ਮੁਕਾਬਲੇ ਵਿਚ ਇਥੇ ਲੋਕ-ਪਖੀ ਜਾਂ ਅਗਾਂਹਵਧੂ ਸ਼ਕਤੀਆਂ ਦਾ ਕੋਈ ਠੋਸ ਅਧਾਰ ਨਹੀਂ ਬਣਿਆ। ਪਰੰਤੂ ਫਿਰ ਵੀ ਖਿੰਡੇ ਪੁੰਡੇ ਰੂਪ ਵਿਚ ਹੀ ਸਹੀ—ਲੋਕ-ਪੱਖੀ ਸ਼ਕਤੀਆਂ ਦੇ ਪ੍ਰਭਾਵ ਨੇ ਪੰਜਾਬ ਵਿਚ ਫਿਰਕੂ ਫਸਾਦਾਂ ਨੂੰ ਠੱਲ੍ਹ ਜ਼ਰੂਰ ਪਾਈ ਹੈ—ਅਜੇ ਤਾਂ 1947 ਦੇ ਫਿਰਕੂ ਫਸਾਦਾਂ ਦੇ ਜ਼ਖਮ ਵੀ ਲੋਕਾਂ ਦੇ ਦਿਲਾਂ ਤੋਂ ਪੂਰੀ ਤਰ੍ਹਾਂ ਨਹੀਂ ਮਿਟੇ।

ਕੁਝ ਪਿਛਾਂਹਖਿਚੂ ਅਖਬਾਰਾਂ ਰਸਾਲਿਆਂ ਜਾਂ ਵਿਅਕਤੀਆਂ ਵਲੋਂ ਸਿਖਾਂ ਨੂੰ 'ਸਿਖ ਇਕ ਅਲੱਗ ਕੌਮ' ਤੇ ਘੋਸ਼ਤ ਕਰਨ ਜਾਂ ਪ੍ਰਚਾਰ ਨੇ ਵੀ ਪੰਜਾਬ ਨੂੰ ਸਮਾਜਕ ਅਤੇ ਫਿਰਕੂ ਪੱਧਰ ਤੇ ਟੋਟੇ ਕਰਨ ਅਤੇ ਹਿੰਦੂ ਸਿਖਾਂ ਨੂੰ ਇਕ ਦੂਜੇ ਦੇ ਗਲ ਪੁਆਉਣ ਵਿਚ ਘਟ ਹਿਸਾ ਨਹੀਂ ਪਾਇਆ। ਪਿਛਲੇ ਕਈ ਸਦੀਆਂ ਦੇ ਇਤਿਹਾਸ ਅਨੁਸਾਰ ਹਿੰਦੂ ਅਤੇ ਸਿਖ ਦੋਨੋਂ ਇਕੋ ਮਾਂ ਦੇ ਜਾਏ ਹਨ—ਘਰ ਵਿਚ ਹੀ ਇਕ ਭਰਾ ਨੇ ਕੇਸ ਰਖੇ ਹੋਏ ਹਨ ਅਤੇ ਦੂਜੇ ਨੇ ਕਟਾਏ ਹੋਏ ਹਨ—ਜੇ, ਜਿਵੇਂ ਕਿ ਪ੍ਰਚਾਰਿਆ ਜਾ ਰਿਹਾ ਹੈ, ਇਕੋ ਮਾਂ ਦੇ ਦੋਨੋਂ ਜਾਏ ਇਕ ਦੂਜੇ ਦੇ ਖੂਨ ਦੇ ਪਿਆਸੇ ਬਣ ਜਾਣ ਤਾਂ ਉਸ ਘਰ ਦਾ ਕੀ ਹਾਲ ਹੋਵੇਗਾ—ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸ ਅੱਤ ਦਰਜੇ ਦੇ ਪਿਛਾਖੜ ਦੇ ਅੰਦੋਲਨ ਦਾ ਸਿਟਾ ਇਹ ਹੋਇਆ ਹੈ ਕਿ ਜੋ ਲੋਕਾਂ ਨੂੰ ਆਪਣੇ ਆਰਥਕ ਜਾਂ ਸਿਆਸੀ ਮਸਲਿਆਂ ਬਾਰੇ ਸੋਚਕੇ ਕੋਈ ਅਗਾਂਹ ਨੂੰ ਕਦਮ ਪੁਟਣਾ ਸੀ ਤਾਂ ਉਹ ਹੁਣ ਦੋ ਕਦਮ ਹੋਰ ਵੀ ਪਿਛੇ ਆ ਗਏ ਹਨ—ਇਸ ਅੰਦੋਲਨ ਦੇ ਸਾਹਮਣੇ ਉਹ ਆਪਣੇ ਆਰਥਕ ਮਸਲੇ ਵੀ ਭੁਲ ਗਏ ਹਨ। ਬਾਬੇ ਨਾਨਕ, ਹਜ਼ਰਤ ਮੁਹੰਮਦ ਜਾਂ ਭਗਤ ਰਵੀਦਾਸ ਨੇ ਤਾਂ ਅਧਿਆਤਮਵਾਦ ਦੇ ਫਲਸਫੇ ਰਾਹੀਂ (ਕਿਉਂਕਿ ਉਸ ਯੁਗ ਵਿਚ ਇਹੀ ਫਲਸਫਾ ਭਾਰੂ ਸੀ) ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸਮਾਜ ਲਈ ਉਸਾਰੂ ਕੰਮ ਕਰਨ ਲਈ ਪ੍ਰੇਰਿਆ ਸੀ—ਪਰ ਅੱਜ ਦੇ ਅਧਿਆਤਮ ਆਗੂਆਂ ਨੇ ਆਪਣੇ ਸੌੜੇ ਹਿਤਾਂ ਲਈ—ਚੌਧਰਵਾਦ ਦਾ ਝੰਡਾ ਬੁਲੰਦ ਰਖਣ ਲਈ ਸਭ ਕੁਝ ਦਾਅ ਤੇ ਲਾ ਦਿਤਾ ਹੈ।

ਕਿਸੇ ਵੀ ਯੁਗ ਜਾਂ ਕਿਸੇ ਵੀ ਸਮੇਂ ਅੰਦਰ ਵਿਚਾਰਧਾਰਾ ਓਹੀ ਦਰੁਸਤ ਹੁੰਦੀ ਹੈ ਜਿਹੜੀ ਲੋਕਾਂ ਨੂੰ ਜਹਾਲਤ ਅਤੇ ਦਿਸ਼ਾਹੀਣਤਾ ਦੀ ਖਡ ਵਿਚੋਂ ਕਢਕੇ ਤਰਕ ਅਤੇ ਮਨੁਖੀ ਭਾਈਚਾਰੇ ਦਾ ਸੁਨੇਹਾ ਦੇਵੇ ਅਤੇ ਇਹਨੂੰ ਅਮਲੀ ਜਾਮਾ ਪਹਿਨਾਵੇ। ਮਾਰਕਸਵਾਦ ਦੀ ਵਿਚਾਰਧਾਰਾ ਨੇ ਵਿਚਾਰਹੀਣ ਲੋਕਾਂ ਨੂੰ ਵਿਚਾਰ ਦਿਤੇ—ਸਮਾਜ ਨੂੰ ਸਮਝਣ ਅਤੇ ਸਮਝ ਕੇ ਬਦਲਣ ਦੀ ਵਿਗਿਆਨਕ ਵਿਚਾਰਧਾਰਾ ਦਿਤੀ। ਪਰ ਅਜ ਦੀ ਫਿਰਕੂ ਵਿਚਾਰਧਾਰਾ ਅਤੇ ਇਸ ਵਿਚਾਰਧਾਰਾ ਦਾ ਅਮਲ ਲੋਕਾਂ ਨੂੰ ਮੁੜ ਜਹਾਲਤ ਅਤੇ ਪਿਛੜੇਪਨ ਦੀ ਖੱਡ ਵਿਚ ਸੁਟਣਾ ਚਾਹੁੰਦੇ ਹਨ—ਇਹ ਵਿਚਾਰਧਾਰਾ ਲੋਕਾਂ ਦੀ ਸੋਚ ਅਤੇ ਦਿਮਾਗ ਨੂੰ ਮੁੜ ਗੰਧਲਾ ਕਰ ਰਹੀ ਹੈ। ਸੋ ਇਸ ਵਿਚਾਰਧਾਰਾ ਦੇ ਭੈੜੇ ਨਤੀਜਿਆਂ ਤੋਂ ਲੋਕਾਂ ਨੂੰ ਹਰ ਥਾਂ ਸੁਚੇਤ ਕੀਤਾ ਜਾਵੇ। ਪੰਜਾਬ ਵਿਚ ਇਹ ਫਿਰਕੂ ਲੜਾਈ ਹਕ ਸਚ ਦੀ ਲੜਾਈ ਕਦੇ ਨਹੀਂ ਹੋਵੇਗੀ ਇਹ ਲੜਾਈ ਜਾਂ ਗੜਬੜ ਤਾਂ ਸਗੋਂ ਇਥੇ ਹਕ ਸਚ ਦੀ ਲੜਾਈ ਨੂੰ ਟਾਲਣ ਜਾਂ ਅਗੇ ਪਾਉਣ ਵਾਲੀ ਹੋਵੇਗੀ। ਸੁਲਝੇ ਹੋਏ ਤਰਕਵਾਦੀ ਵਿਅਕਤੀਆਂ ਨੂੰ ਇਸ ਫਜ਼ੂਲ ਪਰੰਤੂ ਬੇਹੱਦ ਨੁਕਸਾਨਦੇਹ ਲੜਾਈ ਬਾਰੇ ਹਮੇਸ਼ਾ ਜਨਸਧਾਰਣ ਨੂੰ ਖਬਰਦਾਰ ਕਰਾਂਦੇ ਰਹਿਣਾ ਪਵੇਗਾ—ਜਦੋਂ ਤਕ ਇਸ ਲੜਾਈ ਦੇ ਆਸਾਰ ਖਤਮ ਨਹੀਂ ਹੋ ਜਾਂਦੇ—ਕਿਉਂਕਿ ਇਕ ਗਲ ਤਾਂ ਪੱਕੀ ਹੈ ਕਿ ਇਹ ਪਿਛਾਂਹਖਿਚੂ ਲੜਾਈ ਭਵਿਖ ਵਿਚ ਛੇਤੀ ਮੁਕਣ ਵਾਲੀ ਨਹੀਂ ਹੈ। ਇਹ ਲੜਾਈ ਪੰਜਾਬ ਵਿਚ ਘਰੇਲੂ ਜੰਗ ਦਾ ਰੂਪ ਵੀ ਧਾਰ ਸਕਦੀ ਹੈ।

Post Office No. PA/R—33
Registred With Registrar News Paper Vide N . M A/12397-D dated 14.8.80

ਪੁਸਤਕ ਪਹਿਚਾਣ

## ਨਾਜ਼ਿਮ ਹਿਕਮਤ ਦੀ ਸ਼ਹਿਦ ਕਟੋਰੀ

ਨਾ ਹੀ ਕੋਲ ਮੇਰੇ ਕੋਈ ਘੋੜਾ
ਜਿਸਤੇ ਵੇਲ ਬੂਟਿਆਂ ਵਾਲੀ
ਹੋਵੇ ਕਾਠੀ ਨਰਮ ਸਜਾਈ
ਨਾ ਜ਼ਮੀਨ ਤੇ ਨਾ ਕੋਈ ਘਰ ਹੈ
ਜਿਸ 'ਚੋਂ ਹੋਵੇ ਖ਼ੂਬ ਕਮਾਈ।
ਮੇਰੇ ਕੋਲ ਤਾਂ ਜੋ ਵੀ ਕੁਝ ਹੈ
ਬਸ ਇਹੋ ਇਕ ਸ਼ਹਿਦ ਦੀ ਮਟਕੀ
ਅੱਗ ਤੋਂ ਲਾਲ ਰੱਤੜੀ ਮਟਕੀ
ਲਾਲ ਸ਼ਹਿਦ ਦੀ ਮੇਰੀ ਮਟਕੀ !

... ... ...

ਇਹੀ ਸ਼ਹਿਦ ਹੈ ਪੂੰਜੀ ਮੇਰੀ
ਇਸਨੂੰ ਬੜਾ ਚੋਕੰਨਾ ਹੋਕੇ
ਮੈਂ ਜਿਰਮਾਂ ਤੋਂ ਸਾਂਭੀ ਫਿਰਦਾ...
ਬਸ ਇਹੀ ਇਕ ਸ਼ਹਿਦ ਕਟੋਰੀ
ਮੇਰਾ ਘਰ ਹੈ, ਮੇਰੀ ਪੂੰਜੀ।

ਤੁਰਕੀ ਦੇ ਸ਼ਾਇਰ ਨਾਜ਼ਿਮ ਹਿਕਮਤ ਦੀ ਇਨਕਲਾਬੀ ਕਵਿਤਾਵਾਂ ਦਾ ਇਹੀ ਸ਼ਹਿਦ ਕਟੋਰੀ ਸੀ ਜੋ ਤੁਰਕੀ ਦੇ ਜ਼ਾਲਿਮ ਹਾਕਮ ਉਹਦੇ ਕੋਲੋਂ ਨਾ ਖੋਹ ਸਕੇ। ਉਹਨੇ ਤਸੀਹੇ ਭਰੀਆਂ ਲੰਮੀਆਂ ਕੈਦਾਂ ਕੱਟੀਆਂ ਪਰ ਇਸ ਸ਼ਹਿਦ ਕਟੋਰੀ ਨੂੰ ਸਾਂਭੀ ਰਖਿਆ ਜੋ ਕਵਿਤਾਵਾਂ ਦੇ ਰੂਪ ਵਿਚ ਦੁਨੀਆਂ ਦੇ ਸਾਹਮਣੇ ਆਈ। ਸੋਹਣ ਢੰਡ ਨੇ ਇਹਦੇ ਵਿਚੋਂ ਕੁਝ ਕਵਿਤਾਵਾਂ ਪੰਜਾਬੀ ਪਾਠਕਾਂ ਲਈ ਕਾਵਿਕ ਰੂਪ ਵਿਚ ਅਨੁਵਾਦ ਕੀਤੀਆਂ ਹਨ, ਜਿਨ੍ਹਾਂ ਨੂੰ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਕੀਤਾ ਗਿਆ ਹੈ।

ਅਪਣੇ ਮੁੱਢਲੇ ਸ਼ਬਦਾਂ ਵਿਚ ਸੋਹਣ ਢੰਡ ਨੇ ਜ਼ਿਕਰ ਕੀਤਾ ਹੈ ਕਿ ਨਾਜ਼ਿਮ ਦੀ ਸ਼ਾਇਰੀ ਵਿਚ ਕੋਈ ਵੀ ਸ਼ਬਦ ਅਜਿਹਾ ਨਹੀਂ ਲੱਭਦਾ ਜਿਹੜਾ ਧੁੰਦਲਾ ਹੋਏ ਤੇ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੋਏ। ਇਹਦਾ ਪ੍ਰਮਾਣ ਇਸ ਕਾਵਿ ਸੰਗ੍ਰਿਹ ਦੀ ਹਰ ਕਵਿਤਾ ਵਿਚੋਂ ਮਿਲਦਾ ਹੈ। 'ਮੌਤ' ਨਾਂ ਦੀ ਕਵਿਤਾ, ਜਿਸ ਵਿਚ ਜੇਲ੍ਹ ਡਕਿਆ ਨਾਜ਼ਿਮ ਆਪਣੇ ਉਹਨਾਂ ਸਾਥੀਆਂ ਨੂੰ ਯਾਦ ਕਰਦਾ ਹੈ, ਜਿਹੜੇ ਜ਼ਾਲਮਾਂ ਵਿਰੁਧ ਸੰਘਰਸ਼ ਕਰਦੇ ਸ਼ਹੀਦ ਹੋਏ ਪਰ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਕਦੇ ਵੀ ਮੁੱਕ ਨਹੀਂ ਸਕਦੇ ! ਇਹ ਲੰਮੀ ਕਵਿਤਾ ਇਨਕਲਾਬੀ ਵਿਸ਼ਵਾਸ਼ ਦੀ ਇਕ ਅਜ਼ੀਮ ਕਵਿਤਾ ਹੈ !

'ਜੀ ਆਇਆਂ ਨੂੰ' ਪਿਆਰੇ ਦੋਸਤੋ।
ਆਓ, ਬੈਠ ਜਾਓ—
ਤੁਸੀਂ ਅਪਣੇ ਨਾਲ ਚੈਨ ਲਿਆਏ ਹੋ !

... ... ...

ਉਸਮਾਨ ਦੇ ਪੁੱਤਰ ਹਾਸ਼ਮ
ਇਸ ਤਰ੍ਹਾਂ ਮੇਰੇ ਵਲ ਕਿਉਂ ਤੱਕਦਾ ਏਂ ?
ਕੀ ਦੋਸਤ ! ਤੂੰ ਮਰ ਨਹੀਂ ਸੀ ਗਿਆ
ਉਸ ਅਮਰੀਕਨ ਜਹਾਜ਼ ਤੇ ਕੋਲੇ ਲਦਾਂਦਿਆਂ ?
ਕੀ ਤੂੰ ਧਰਤੀ ਤੇ ਨਹੀਂ ਸੀ ਢਹਿ ਪਿਆ
ਕੋਲਿਆਂ ਦੀ ਟੋਕਰੀ ਤੇਰੀ ਪਿੱਠ ਤੇ
ਮਸ਼ੀਨਾਂ ਦੀ ਖੜਕਾਰ ਨੇ ਤੇਰੀ ਮੌਤ ਦਾ
ਜਸ਼ਨ ਮਨਾਇਆ ਸੀ
ਤੇ ਉਸ ਵਡੀ ਹੜਤਾਲ ਤੋਂ ਪਹਿਲੋਂ ਹੀ
ਤੇਰਾ ਸਿਰ
ਤੇਰੇ ਅਪਣੇ ਖ਼ੂਨ ਨਾਲ ਲਾਲ ਹੋਇਆ ਸੀ
ਤੈਨੂੰ ਕਿੰਨੀ ਤਕਲੀਫ ਹੋਈ ਹੋਵੇਗੀ—ਹਾਇ !
ਖੜੇ ਕਿਉਂ ਹੋ ਦੋਸਤੋ ?
ਬੈਠ ਜਾਓ
ਮੈਂ ਸੋਚਿਆ ਸੀ ਤੁਸੀਂ ਸਭ ਮਰ ਗਏ ਹੋ
ਪਰ ਤੁਸੀਂ ਉਸ ਖਿੜਕੀ ਰਾਹੀਂ
ਇਸ ਕੋਠੜੀ 'ਚ ਘੁਸ ਆਏ ਹੋ
ਤੁਹਾਡੇ ਚਿਹਰਿਆਂ ਤੇ ਸਿਤਾਰੇ ਜੜੇ ਨੇ
ਤੁਸੀਂ ਅਪਣੇ ਨਾਲ ਚੈਨ ਲਿਆਏ ਹੋ।
'ਜੀ ਆਇਆ ਨੂੰ ਪਿਆਰੇ ਦੋਸਤੋ'

ਅਪਣੀ ਪਤਨੀ ਦੇ ਨਾਂ ਖਤ ਵਾਲੀ ਕਵਿਤਾ ਵਿਚ ਨਾਜ਼ਿਮ ਲਿਖਦਾ ਹੈ :

ਮੌਤ :
'ਫਾਂਸੀ ਦੇ ਫੰਦੇ ਤੇ ਮੁਰਦੇ ਦਾ ਝੂਲਣਾ'
ਹਾਇ ! ਕੇਹਾ ਭਿਆਨਕ
ਮੌਤ ਅਜਿਹੀ ਕੌਣ ਭਲਾ ਮੰਜ਼ੂਰ ਕਰੇਗਾ !
ਮੇਰੀ ਚੰਨੀਏਂ ਯਕੀਨ ਕਰੀਂ ਤੂੰ
ਜਦ ਜੱਲਾਦ ਦੇ ਜੱਤਲ ਹੱਥ
ਜਿਉਂ ਮੱਕੜੀ ਦਾ ਜਾਲਾ ਕਾਲਾ
ਮੇਰੀ ਧੌਣ ਦੁਆਲੇ ਸੁੱਟਣ
ਮੌਤ ਨੁਮਾ ਫਾਂਸੀ ਦਾ ਕੁੰਡਲ
ਹਾਂ —
ਉਹ ਨੇ ਜਿਹੜੇ ਤਾਕ 'ਚ ਬੈਠੇ
ਕਿ ਨਾਜ਼ਿਮ ਦੇ ਪੀਲੇ ਨੈਣੀਂ
ਡਰ ਉਪਜੇਗਾ
ਐਵੇਂ ਵਕਤ ਤਬਾਹ ਕਰਦੇ ਨੇ !
ਆਪਣੇ ਅੰਤਮ ਪਹੁ ਫੁਟਾਲੇ
ਮੈਂ ਤੇਰੇ ਦੀਦਾਰ ਕਰਾਂਗਾ
ਜਾਂ ਤੱਕਾਂਗਾ ਮਿੱਠੜੇ ਮਿੱਤਰਾਂ
ਅਤੇ ਕਬਰ ਵਿਚ ਲੈ ਜਾਵਾਂਗਾ
ਦਰਦ ਅਧੂਰੇ ਗੀਤ ਦਾ !

ਇਸ ਮਹਾਨ ਸ਼ਾਇਰ ਤੋਂ ਅਪਣੇ ਪੰਜਾਬੀ ਪਾਠਕਾਂ ਨੂੰ ਜਾਣੂ ਕਰਾਉਣ ਲਈ ਸੋਹਣ ਢੰਡ ਨੇ ਇਹ ਸੰਗ੍ਰਿਹ ਤਿਆਰ ਕੀਤਾ ਹੈ। ਅਸੀਂ ਸਾਰੇ ਇਸਦਾ ਸਵਾਗਤ ਕਰਦੇ ਹਾਂ।